Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 06 03/05/2025 www.samajweekly.com samajweekly @samajweekly samajweekly

# ਬੋਧਗਯਾ ਵਿਖੇ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਬਣਿਆ ਵਿਸ਼ਵ ਜਨ-ਅੰਦੋਲਨ

## ਸਰਕਾਰ ਮਹਾਬੋਧੀ ਮਹਾਵਿਹਾਰ ਦਾ ਕਬਜ਼ਾ ਨਿਰੋਲ ਬੋਧੀਆਂ ਦੇ ਸਪੁਰਦ ਕਰੇ – ਸੰਧੂ

**ਜਲੰਧਰ ( ਸਮਾਜ ਵੀਕਲੀ )** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਂ ਜਾਰੀ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਬੋਧਗਯਾ ਵਿਖੇ ਮਹਾਬੋਧੀ ਮਹਾਵਿਹਾਰ ਨੂੰ ਬ੍ਰਾਹਮਣਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਮਾਨਯੋਗ ਭੀਖੂ ਸੰਘ, ਮਾਨਯੋਗ ਭੰਤੇ ਪ੍ਰਗਿਆਸ਼ੀਲ ਮਹਾਥੇਰੋ ਅਤੇ ਆਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ਼੍ਰੀ ਆਕਾਸ਼ ਲਾਮਾ ਜੀ ਦੀ ਅਗਵਾਈ ਵਿੱਚ 12 ਫਰਵਰੀ ਤੋਂ, ਜਿਸ ਨੂੰ ਅੱਜ 80 ਦਿਨ ਹੋ ਗਏ ਹਨ, ਅਨਿਸ਼ਚਿਤਕਾਲੀਨ ਅੰਦੋਲਨ ਚੱਲ ਰਿਹਾ ਹੈ। ਮਹਾਬੋਧੀ ਮਹਾਵਿਹਾਰ ਬੋਧੀਆਂ ਦਾ ਪ੍ਰਮੁੱਖ ਧਾਰਮਿਕ ਸਥਾਨ ਹੈ ਜਿਥੇ ਸਿਧਾਰਥ ਗੌਤਮ ਨੂੰ ਗਿਆਨ ਪ੍ਰਾਪਤ ਹੋਇਆ ਸੀ ਅਤੇ ਉਹ ਬੁੱਧ ਬਣੇ ਸਨ, ਪਰ ਉੱਥੇ ਬ੍ਰਾਹਮਣਾਂ ਦਾ ਕਬਜ਼ਾ ਹੈ। ਮਹਾਬੋਧੀ ਮਹਾਵਿਹਾਰ ਦੇ ਪ੍ਰਬੰਧਨ ਵਾਸਤੇ 1949 ਵਿੱਚ ਸਰਕਾਰ ਨੇ ਬੀ. ਟੀ. ਐਕਟ 1949 ਦਾ ਗਠਨ ਕੀਤਾ ਸੀ ਜਿਸ ਅਨੁਸਾਰ ਬੀ. ਟੀ. ਮੈਨੇਜਮੈਂਟ ਕਮੇਟੀ ਵਿੱਚ ਚਾਰ ਹਿੰਦੂ, ਚਾਰ ਬੋਧੀ ਅਤੇ ਇੱਕ ਉਸ ਸਥਾਨ ਦਾ ਕਲੈਕਟਰ ਜੋ ਹਿੰਦੂ ਹੋਵੇਗਾ, ਕਮੇਟੀ ਦਾ ਐਕਸ ਓਫੀਸ਼ਓ ਪ੍ਰੈਜੀਡੈਂਟ ਹੋਵੇਗਾ। ਇਹ ਸਰਾਸਰ ਗਲਤ ਹੈ। ਸੰਧੂ ਅਤੇ ਭਾਰਦਵਾਜ ਨੇ ਕਿਹਾ ਕਿ ਜਿਸ ਤਰ੍ਹਾਂ ਮੱਕਾ ਮੁਸਲਮਾਨਾਂ ਕੋਲ, ਕਾਸ਼ੀ ਮਥੁਰਾ ਹਿੰਦੂਆਂ ਕੋਲ, ਯਰੂਸ਼ਲਾਮ ਯਹੂਦੀਆਂ ਕੋਲ ਹੈ, ਇਸੇ ਤਰ੍ਹਾਂ ਮਹਾਬੋਧੀ ਮਹਾਵਿਹਾਰ ਵੀ ਬੋਧੀਆਂ ਨੂੰ ਸੌਂਪ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਪ੍ਰਧਾਨ ਮੰਤਰੀ ਜਦੋਂ ਬਾਹਰਲੇ ਦੇਸ਼ਾਂ ਦੇ ਦੌਰੇ ਤੇ ਜਾਂਦਾ ਹੈ ਤਾਂ ਕਹਿੰਦਾ ਹੈ ਕਿ ਮੈਂ ਬੁੱਧ ਦੀ ਧਰਤੀ ਤੋਂ ਆਇਆ ਹਾਂ। ਭਾਰਤ ਨੇ ਦੁਨੀਆਂ ਨੂੰ ਯੁੱਧ ਨਹੀਂ, ਬੁੱਧ ਦਿੱਤਾ ਹੈ। ਬਹੁਤ ਅਫਸੋਸ ਦੀ ਗੱਲ ਹੈ ਕਿ ਨਾ ਤਾਂ ਬਿਹਾਰ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਵੱਲੋਂ ਇਸ ਵਿਸ਼ੇ ਤੇ ਕੋਈ ਗੱਲ ਗੌਲੀ ਜਾ ਰਹੀ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਮਹਾਬੋਧੀ ਮਹਾਵਿਹਾਰ ਮੁਕਤੀ ਅੰਦੋਲਨ ਹੁਣ ਦਿਨੋ ਦਿਨ ਵਿਸ਼ਵ ਜਨ-ਅੰਦੋਲਨ ਬਣਦਾ ਜਾ ਰਿਹਾ ਹੈ। ਇਸ ਮੁਕਤੀ ਅੰਦੋਲਨ ਦੇ ਸਮਰਥਨ ਵਿੱਚ ਅਮਰੀਕਾ, ਯੂਕੇ, ਕੈਨੇਡਾ, ਜਰਮਨੀ ਆਦਿ ਦੇਸ਼ਾਂ ਵਿੱਚ ਵੀ ਬੋਧੀਆਂ ਦੇ ਅੰਦੋਲਨ ਚੱਲ ਰਹੇ ਹਨ, ਜਿਸ ਨਾਲ ਬਾਹਰਲੇ ਦੇਸ਼ਾਂ ਵਿੱਚ ਭਾਰਤ ਦਾ ਅਕਸ ਖਰਾਬ ਹੋ ਰਿਹਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਬੀ. ਟੀ. ਐਕਟ 1949 ਨੂੰ ਰੱਦ ਕਰਕੇ ਮਹਾਬੋਧੀ ਮਹਾਵਿਹਾਰ ਦਾ ਕਬਜ਼ਾ ਨਿਰੋਲ ਬੋਧੀਆਂ ਦੇ ਸਪੁਰਦ ਕੀਤਾ ਜਾਵੇ ਜਿਸ ਨਾਲ ਪੂਰੇ ਦੇਸ਼ ਵਿੱਚ ਭਾਈਚਾਰਾ ਬਣਿਆ ਰਹੇ। ਇਸ ਮੌਕੇ ਡਾ. ਮਹਿੰਦਰ ਸੰਧੂ, ਪ੍ਰੋਫ਼ੈਸਰ ਅਰਿੰਦਰ ਸਿੰਘ, ਸਮਰੱਥ ਸਿੰਘ, ਨਿਰਮਲ ਬਿੰਜੀ, ਗੁਰਦਰਸ਼ਨ ਬੰਗੜ, ਹਰਮੇਸ਼ ਬੰਗੜ, ਵਿੱਕੀ, ਗੁਰਦਿਆਲ ਜੱਸਲ, ਦੀਪਾਲੀ ਪਾਮੇ, ਨਿਸ਼ਾ ਪਾਮੇ, ਆਦਿ ਹਾਜਰ ਸਨ।


ਮੀਡੀਆ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋਏ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਕਾਰਕੁਨ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**

# ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦਾ ਯੂਟਿਊਬ ਚੈਨਲ ਭਾਰਤ ’ਚ ਬਲਾਕ

## ਬਾਬਰ, ਰਿਜ਼ਵਾਨ ਤੇ ਹੋਰ ਕਈ ਪਾਕਿਸਤਾਨੀ ਕ੍ਰਿਕਟਰਾਂ ਦੇ ਇੰਸਟਾਗ੍ਰਾਮ ਖਾਤੇ ਭਾਰਤ ’ਚ ਬਲਾਕ




**ਨਵੀਂ ਦਿੱਲੀ।** ਪਹਿਲਗਾਮ ਦਹਿਸ਼ਤੀ ਹਮਲੇ ਮਗਰੋਂ ਦੋਵਾਂ ਮੁਲਕਾਂ ਵਿਚ ਬਣੇ ਤਣਾਅ ਦਰਮਿਆਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦਾ ਯੂਟਿਊਬ ਚੈਨਲ ਭਾਰਤ ਵਿਚ ਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ 16 ਪਾਕਿਸਤਾਨੀ ਯੂਟਿਊਬ ਚੈਨਲਾਂ ਨੂੰ ‘ਝੂਠੀ, ਭੜਕਾਊ ਤੇ ਫਿਰਕੂ ਤੌਰ ’ਤੇ ਸੰਵੇਦਨਸ਼ੀਲ ਸਮੱਗਰੀ’ ਪ੍ਰਸਾਰਿਤ ਕਰਨ ਦੇ ਦੋਸ਼ ਵਿਚ ਬਲਾਕ ਕਰ ਦਿੱਤਾ ਸੀ ਅਤੇ ਪਹਿਲਗਾਮ ਹਮਲੇ ਬਾਰੇ ਬੀਬੀਸੀ ਦੀ ਰਿਪੋਰਟਿੰਗ ’ਤੇ ਵੀ ਸਖ਼ਤ ਇਤਰਾਜ਼ ਜਤਾਇਆ ਹੈ। ਅਧਿਕਾਰੀਆਂ ਨੇ ਕਿਹਾ ਕਿ ਵਿਦੇਸ਼ ਮੰਤਰਾਲਾ ਬੀਬੀਸੀ ਦੀ ਰਿਪੋਰਟਿੰਗ ਦੀ ਵੀ ਨਿਗਰਾਨੀ ਕਰੇਗਾ, ਜਿਸ ਵਿੱਚ ਅਤਿਵਾਦੀਆਂ ਨੂੰ ਖਾੜਕੂ ਦੱਸਿਆ ਗਿਆ ਸੀ। ਬਲਾਕ ਕੀਤੇ ਗਏ ਯੂਟਿਊਬ ਚੈਨਲਾਂ ਵਿੱਚ ਡਾਅਨ ਨਿਊਜ਼, ਇਰਸ਼ਾਦ ਭੱਟੀ, ਸਮਾਂ ਟੀਵੀ, ਏਆਰਵਾਈ ਨਿਊਜ਼, ਬੋਲ ਨਿਊਜ਼, ਰਫ਼ਤਾਰ, ਦਿ ਪਾਕਿ-ਸਤਾਨ ਰੈਫਰੈਂਸ, ਜੀਓ ਨਿਊਜ਼, ਸਮਾਂ ਸਪੋਰਟਸ, ਜੀਐਨਐਨ, ਉਜ਼ੈਰ ਕ੍ਰਿਕਟ, ਉਮਰ ਚੀਮਾ ਐਕਸਕਲੂਸਿਵ, ਅਸਮਾ ਸ਼ਿਰਾਜ਼ੀ, ਮੁਨੀਬ ਫਾਰੂਕ, ਸੁਨੋ ਨਿਊਜ਼ ਅਤੇ ਰਾਜ਼ੀ ਨਾਮਾ ਸ਼ਾਮਲ ਹਨ। ਇਸ ਦੌਰਾਨ ਭਾਰਤ ਨੇ ਬਾਬਰ ਆਜ਼ਮ, ਮੁਹੰਮਦ ਰਿਜ਼ਵਾਨ ਤੇ ਵਸੀਮ ਅਕਰਮ ਸਣੇ ਪਾਕਿਸਤਾਨ ਦੇ ਮੌਜੂਦਾ ਤੇ ਸਾਬਕਾ ਕ੍ਰਿਕਟਰਾਂ ਦੇ ਇੰਸਟਾਗ੍ਰਾਮ ਖਾਤੇ ਭਾਰਤ ਵਿਚ ਬੰਦ ਕਰ ਦਿੱਤੇ ਹਲ। ਜਿਨ੍ਹਾਂ ਪਾਕਿ ਕ੍ਰਿਕਟਰਾਂ ਦੇ ਇੰਸਟਾ ਖਾਤਿਆਂ ’ਤੇ ਪਾਬੰਦੀ ਲਾਈ ਗਈ ਹੈ ਉਨ੍ਹਾਂ ਵਿਚ ਟੈਸਟ ਕਪਤਾਨ ਸ਼ਾਨ ਮਸੂਦ, ਤੇਜ਼ ਗੇਂਦਬਾਜ਼ ਹਸਨ ਅਲੀ ਤੇ ਨਸੀਮ ਸ਼ਾਹ, ਬੱਲੇਬਾਜ਼ ਇਮਾਮ ਉਲ ਹੱਕ, ਹਰਫ਼ਨਮੌਲਾ ਸ਼ਦਾਬ ਖ਼ਾਨ ਤੇ ਸਾਬਕਾ ਖਿਡਾਰੀ ਸ਼ੋਇਬ ਅਖ਼ਤਰ ਤੇ ਸ਼ਾਹਿਦ ਅਫ਼ਰੀਦੀ ਸ਼ਾਮਲ ਹਨ। ਪਾਕਿਸਤਾਨ ਦੇ ਸਾਬਕਾ ਵਜ਼ੀਰੇ ਆਜ਼ਮ ਤੇ ਕ੍ਰਿਕਟ ਕਪਤਾਨ ਇਮਰਾਨ ਖ਼ਾਨ ਦਾ ਇੰਸਟਾਗ੍ਰਾਮ ਖਾਤਾ ਵੀ ਹੁਣ ਭਾਰਤ ਵਿਚ ਬੰਦ ਹੈ। ਵਿਸ਼ਵ ਕੱਪ ਜੇਤੂ ਟੀਮ ਦੇ ਕਪਤਾਨ ਵਕਾਰ ਯੂਨਿਸ ਤੇ ਸਾਬਕਾ ਕਪਤਾਨ ਮਿਸਬਾਹ ਉਲ ਹੱਕ ਦੇ ਖਾਤੇ ਅਜੇ ਤੱਕ ਬੰਦ ਨਹੀਂ ਕੀਤੇ ਗਏ। ਪਾਕਿਸਤਾਨ ਦੇ ਓਲੰਪਿਕ ਸੋਨ ਤਗ਼ਮਾ ਜੇਤੂ ਜੈਵਲਿਨ ਥ੍ਰੋਅਰ ਅਰਸ਼ਦ ਨਦੀਮ ਦਾ ਇੰਸਟਾਗ੍ਰਾਮ ਖਾਤਾ ਬੁੱਧਵਾਰ ਨੂੰ ਹੀ ਬੰਦ ਕਰ ਦਿੱਤਾ ਸੀ।


# NIA ਨੇ ਪਾਕਿਸਤਾਨ ਅਧਾਰਤ ਅਤਿਵਾਦੀ ਦੇ ਮੁੱਖ ਸਹਿਯੋਗੀ ਨਾਲ ਜੁੜੇ ਪੰਜਾਬ ’ਚ 17 ਟਿਕਾਣਿਆਂ ’ਤੇ ਛਾਪੇ ਮਾਰੇ

**ਨਵੀਂ ਦਿੱਲੀ ।** ਕੌਮੀ ਜਾਂਚ ਏਜੰਸੀ ਨੇ ਅਤਿਵਾਦੀ ਸਾਜ਼ਸ਼ ਦੇ ਇਕ ਮਾਮਲੇ ’ਚ ਅਪਣੀ ਜਾਂਚ ਦੇ ਹਿੱਸੇ ਵਜੋਂ ਪਾਕਿਸਤਾਨ ਸਥਿਤ ਖਾਲਿਸਤਾਨੀ ਅਤਿਵਾਦੀ ਹਰਵਿੰਦਰ ਸਿੰਘ ਉਰਫ਼ ਰਿੰਦਾ ਨਾਲ ਜੁੜੇ ਗੈਂਗਸਟਰ ਹੈਪੀ ਪਾਸੀਅਨ ਨਾਲ ਸਬੰਧਤ ਕਈ ਟਿਕਾਣਿਆਂ ’ਤੇ ਪੰਜਾਬ ਭਰ ’ਚ ਛਾਪੇਮਾਰੀ ਕੀਤੀ ਹੈ। ਗੁਰਦਾਸਪੁਰ, ਬਟਾਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਫਰੀਦਕੋਟ ਜ਼ਿਲ੍ਹਿਆਂ ’ਚ ਕੁਲ 17 ਟਿਕਾਣੇ ੀਅ ਦੀ ਜਾਂਚ ਦੇ ਘੇਰੇ ’ਚ ਆਏ, ਜਿਸ ਦੌਰਾਨ ਮੋਬਾਈਲ ਫੋਨ, ਡਿਜੀਟਲ ਉਪ-ਕਰਣ ਅਤੇ ਦਸਤਾਵੇਜ਼ਾਂ ਸਮੇਤ ਕਈ ਅਪਰਾਧਕ ਸਮੱਗਰੀ ਜ਼ਬਤ ਕੀਤੀ ਗਈ। NIA ਵਲੋਂ ਜਾਰੀ ਬਿਆਨ ’ਚ ਕਿਹਾ ਗਿਆ ਹੈ ਕਿ ਹੈਪੀ ਪਾਸੀਅਨ ਨਾਲ ਜੁੜੇ ਸ਼ੱਕੀ ਵਿਅਕਤੀਆਂ ਅਤੇ ਵੱਖ-ਵੱਖ ਦੇਸ਼ਾਂ ’ਚ ਸਥਿਤ ਉਸ ਦੇ ਸਾਥੀਆਂ ਦੇ ਟਿਕਾਣਿਆਂ ’ਤੇ ਛਾਪੇਮਾਰੀ ਕੀਤੀ ਗਈ। ਪਾਸੀਅਨ ਇਸ ਸਮੇਂ ਅਮਰੀਕਾ ਵਿਚ ਹੈ, ਜਿੱਥੇ ਉਸ ਨੂੰ ਪਿਛਲੇ ਮਹੀਨੇ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਪਾਕਿਸਤਾਨ ਸਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਅਤਿਵਾਦੀ ਰਿੰਦਾ ਦਾ ਮੁੱਖ ਕਾਰਕੁੰਨ ਹੈ।



# ਪੰਜਾਬ ਅਤੇ ਹਰਿਆਣਾ ਦੇ ਪਾਣੀ ਵਿਵਾਦ ਬਾਰੇ ਕੇਂਦਰ ਵਲੋਂ ਫ਼ਿਲਹਾਲ ਮਾਮਲੇ ’ਚ ਸਿੱਧਾ ਦਖ਼ਲ ਤੋਂ ਇਨਕਾਰ

**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਦੇ ਪਾਣੀ ਵਿਵਾਦ ਬਾਰੇ ਕੇਂਦਰੀ ਗ੍ਰਹਿ ਸਕੱਤਰ ਗੋਬਿੰਦ ਮੋਹਨ ਵਲੋਂ ਚਾਰ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਸੱਦੀ ਮੀਟਿੰਗ ’ਚ ਵੀ ਕੋਈ ਗੱਲ ਨਹੀਂ ਬਣੀ। ਮਿਲੀ ਜਾਣਕਾਰੀ ਮੁਤਾਬਕ ਹਰਿਆਣਾ ਕੋਲ ਵਾਧੂ ਪਾਣੀ ਮੰਗੇ ਜਾਣ ਬਾਰੇ ਕੋਈ ਖ਼ਾਸ ਤਰਕ ਨਹੀਂ ਸਨ। ਕੇਂਦਰੀ ਗ੍ਰਹਿ ਸਕੱਤਰ ਨੇ ਦੋਵਾਂ ਰਾਜਾਂ ਨੂੰ ਗੱਲਬਾਤ ਰਾਹੀ ਮਸਲੇ ਹੱਲ ਕਰਨ ਦੀ ਹੀ ਸਲਾਹ ਦਿਤੀ ਹੈ। ਪਤਾ ਲੱਗਿਆ ਹੈ ਕਿ ਫ਼ਿਲਹਾਲ ਕੇਂਦਰ ਸਰਕਾਰ ਨੇ ਵੀ ਇਸ ਮਾਮਲੇ ’ਚ ਕੋਈ ਸਿੱਧਾ ਦਖ਼ਲ ਦੇਣ ਤੋਂ ਇਨਕਾਰ ਕਰ ਦਿਤਾ ਹੈ। ਪੰਜਾਬ ਵਲੋਂ ਮੀਟਿੰਗ ’ਚ ਵਧੀਕ ਮੁੱਖ ਸਕੱਤਰ (ਗ੍ਰਹਿ) ਅਲੋਕ ਸ਼ੇਖਰ ਅਤੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਮੌਜੂਦ ਸਨ। ਇਸ ਮਾਮਲੇ ’ਤੇ



ਚਰਚਾ/ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਇਹ ਸਲਾਹ ਦਿੱਤੀ ਗਈ ਕਿ ਬੀਬੀਐਮਬੀ ਦੇ ਫੈਸਲੇ ਨੂੰ ਲਾਗੂ ਕੀਤਾ ਜਾਵੇ ਕਿ ਅਗਲੇ 08 ਦਿਨਾਂ ਵਿੱਚ ਭਾਖੜਾ ਡੈਮਾਂ ਤੋਂ ਹਰਿਆਣਾ ਲਈ 4500 ਕਿਊਸਿਕ ਵਾਧੂ ਪਾਣੀ ਛੱਡਿਆ ਜਾਵੇ ਤਾਂ ਜੋ ਉਨ੍ਹਾਂ ਦੀਆਂ ਤੁਰੰਤ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ। ਇਹ ਵੀ ਸਹਿਮਤੀ ਬਣੀ ਕਿ ਡੈਮਾਂ ਦੇ ਭਰਨ ਦੇ ਸਮੇਂ ਦੌਰਾਨ, ਬੀਬੀਐਮਬੀ ਇਸ ਵਾਧੂ ਪਾਣੀ ਨੂੰ ਪੰਜਾਬ ਨੂੰ ਉਨ੍ਹਾਂ ਦੀਆਂ ਕਿਸੇ ਵੀ ਵਾਧੂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਪਲਬਧ ਕਰਵਾਏਗਾ। ਬੀਬੀਐਮਬੀ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਲਈ ਲਾਗੂਕਰਨ ਦੇ ਰੂਪ-ਰੇਖਾ ਤਿਆਰ ਕਰਨ ਲਈ ਤੁਰੰਤ ਇੱਕ ਬੋਰਡ ਮੀਟਿੰਗ ਬੁਲਾਏਗਾ।

## ਪੁੱਤ ਨੂੰ ਵਿਦੇਸ਼ ਛੱਡ ਕੇ ਆ ਰਹੇ ਪਰਿਵਾਰ ਦੇ 4 ਜੀਆਂ ਦੀ ਹਾਦਸੇ 'ਚ ਮੌਤ

**ਅੰਮ੍ਰਿਤਸਰ।** ਅੰਮ੍ਰਿਤਸਰ ਵਿਚ ਇਕ ਦਰਦਨਾਕ ਹਾਦਸਾ ਵਾਪਰਿਆ ਹੈ। ਇਥੇ ਵਾਪਰੇ ਸੜਕ ਹਾਦਸੇ ਵਿਚ 4 ਲੋਕਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਪੁੱਤ ਨੂੰ ਵਿਦੇਸ਼ ਭੇਜਣ ਲਈ ਸ੍ਰੀ ਗੁਰੂ ਰਾਮਦਾਸ ਏਅਰਪੋਰਟ ਤੋਂ ਜਹਾਜ਼ ਚੜ੍ਹਾ ਕੇ ਵਾਪਸ ਆ ਰਹੇ ਸਨ ਕਿ ਮਹਿਤਾ ਰੋਡ ਪਿੰਡ ਜੀਵਨ ਪੰਧੇਰ ਨਜ਼ਦੀਕ ਵਰਨਾ ਕਾਰ ਤੇ ਟਿੱਪਰ ਦੀ ਆਪਸ ਵਿਚ ਭਿਆਨਕ ਟੱਕਰ ਹੋ ਗਈ। ਮ੍ਰਿਤਕਾਂ ਵਿਚ ਦੋ ਔਰਤਾਂ ਤੇ ਦੋ ਵਿਅਕਤੀ ਸ਼ਾਮਲ ਹਨ। ਮ੍ਰਿਤਕਾਂ ਦੀ ਪਛਾਣ ਗੁਰਦੇਵ ਸਿੰਘ (60) ਪੁੱਤਰ ਜਗੀਰ ਸਿੰਘ ਵਾਸੀ ਪਿੰਡ ਬੋਜਾ ਥਾਣਾ ਘੁਮਾਣ, ਧਰਮਿੰਦਰ ਸਿੰਘ (38) ਪੁੱਤਰ ਅਜਮੇਰ ਸਿੰਘ ਪਿੰਡ ਬੋਜਾ, ਮਲਕੀਅਤ ਕੌਰ (65) ਪਤਨੀ ਗੁਰਦੇਵ ਸਿੰਘ, ਪਰਮਜੀਤ ਕੌਰ (45) ਪਤਨੀ ਭੁਪਿੰਦਰ ਸਿੰਘ ਵਾਸੀ ਪਿੰਡ ਬੱਲ੍ਹਪੁਰੀਆਂ ਵਜੋਂ ਹੋਈ ਹੈ। ਥਾਣਾ ਤਰਸਿੱਕਾ ਦੀ ਪੁਲਿਸ ਪਾਰਟੀ ਸਮੇਤ ਬਚਨ ਸਿੰਘ ਏ. ਐਸ. ਆਈ.



ਤੁਰੰਤ ਮੌਕੇ ’ਤੇ ਪਹੁੰਚੇ ਤੇ ਲਾਸ਼ਾਂ ਕਬਜ਼ੇ ’ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਹਿਲਗਾਮ ਹਮਲੇ ਦੇ ਪੀੜਤ ਸ਼ੁਭਮ ਦੀ ਪਤਨੀ ਨੇ ਪਤੀ ਲਈ ਮੰਗਿਆ ਸ਼ਹੀਦ ਦਾ ਦਰਜਾ

**ਜੰਮੂ।** ਜੰਮੂ-ਕਸ਼ਮੀਰ ਦੇ ਪਹਿਲਗਾਮ ’ਚ ਹੋਏ ਅਤਿਵਾਦੀ ਹਮਲੇ ਦੇ 10 ਦਿਨ ਬਾਅਦ ਮਾਰੇ ਗਏ ਲੋਕਾਂ ’ਚੋਂ ਇਕ ਸ਼ੁਭਮ ਦਿਵੇਦੀ ਦੀ ਪਤਨੀ ਆਸ਼ਾਨਿਆ ਨੇ ਵੀਰਵਾਰ ਨੂੰ ਕਿਹਾ ਕਿ ਦੋਸ਼ੀਆਂ ਵਿਰੁਧ ਅਜੇ ਤਕ ਕੋਈ ਅਸਰਦਾਰ ਕਾਰਵਾਈ ਨਹੀਂ ਕੀਤੀ ਗਈ ਹੈ।



ਸ਼ੁਭਮ ਦਿਵੇਦੀ (31) ਪਹਿਲਗਾਮ ਦੇ ਬੈਸਰਨ ਇਲਾਕੇ ’ਚ 22 ਅਪ੍ਰੈਲ ਨੂੰ ਹੋਏ ਹਮਲੇ ’ਚ ਮਾਰੇ ਗਏ ਲੋਕਾਂ ’ਚ ਸ਼ਾਮਲ ਸੀ। ਆਸ਼ਾਨਿਆ ਨੇ ਕਿਹਾ ਕਿ ਉਹ ਨੌਕਰੀ ਜਾਂ ਮੁਆਵਜ਼ੇ ਦੀ ਮੰਗ ਨਹੀਂ ਕਰ ਰਹੀ ਪਰ ਸਿਰਫ ਇਹ ਚਾਹੁੰਦੀ ਹੈ ਕਿ ਉਸ ਦੇ ਪਤੀ ਨੂੰ ਸ਼ਹੀਦ ਦਾ ਦਰਜਾ ਦਿਤਾ ਜਾਵੇ। ਉਨ੍ਹਾਂ ਕਿਹਾ, ‘‘ਨਾ ਤਾਂ ਸ਼ੁਭਮ ਨੂੰ ਸ਼ਹੀਦ ਵਜੋਂ ਮਾਨਤਾ ਮਿਲੀ ਹੈ ਅਤੇ ਨਾ ਹੀ ਸਰਕਾਰ ਨੇ ਕਤਲਾਂ ਲਈ ਜ਼ਿੰਮੇਵਾਰ ਅਤਿਵਾਦੀਆਂ ਦਾ ਖ਼ਾਤਮਾ ਕੀਤਾ ਹੈ। ਮੈਨੂੰ ਨੌਕਰੀ ਜਾਂ ਪੈਸਾ ਨਹੀਂ ਚਾਹੀਦਾ- ਸਿਰਫ ਅਪਣੇ ਸ਼ੁਭਮ ਲਈ ਸ਼ਹੀਦ ਦਾ ਰੁਤਬਾ। ਮੈਂ ਇਸ ਦਰਦ ਨੂੰ ਸਾਰੀ ਉਮਰ ਸਹਿਣ ਕਰਾਂਗਾ।’’ ਆਸ਼ਾਨਿਆ, ਜੋ ਹੁਣ ਘਰ ਤੋਂ ਬਾਹਰ ਜਾਣ ਤੋਂ ਵੀ ਡਰਦੀ ਹੈ, ਨੇ ਕਿਹਾ ਕਿ ਉਹ ਖ਼ੁਦ ਨੂੰ ਇਕ ਕਮਰੇ ਤਕ ਸੀਮਤ ਰਖਦੀ ਹੈ ਜਿੱਥੇ ਉਹ ਘੰਟਿਆਂਬੱਧੀ ਸ਼ੁਭਮ ਦੀ ਤਸਵੀਰ ਅਤੇ ਹਮਲੇ ਦੌਰਾਨ ਪਹਿਨੀ ਉਸ ਦੀ ਕਮੀਜ਼ ਸ਼ਰਟ ਨੂੰ ਵੇਖਦੀ ਰਹਿੰਦੀ ਹੈ।


ਉਸ ਨੇ ਹਮਲੇ ਤੋਂ ਬਾਅਦ ਉਸ ਸਦਮੇ ਨੂੰ ਯਾਦ ਕਰਦਿਆਂ ਕਿਹਾ, ‘‘ਟਾਇਰ ਫਟਣ ਜਾਂ ਉੱਚੀ ਆਵਾਜ਼ ਵੀ ਮੈਨੂੰ ਕੰਬਾ ਦਿੰਦੀ ਹੈ।’’ ਬੁਧਵਾਰ ਨੂੰ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮਹਾਰਾਜਪੁਰ ਸਥਿਤ ਉਨ੍ਹਾਂ ਦੀ ਰਿਹਾਇਸ਼ ’ਤੇ ਪੀੜਤ ਪਰਵਾਰ ਨਾਲ ਮੁਲਾਕਾਤ ਕੀਤੀ ਸੀ। ਆਸ਼ਾਨਿਆ ਨੇ ਕਿਹਾ ਕਿ ਉਸ ਨੇ ਅਪਣੀ ਮੰਗ ਕਾਂਗਰਸ ਨੇਤਾ ਦੇ ਸਾਹਮਣੇ ਰੱਖੀ, ਜਿਸ ਨੇ ਉਸ ਨੂੰ ਭਰੋਸਾ ਦਿਤਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਸ਼ੁਭਮ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਬੇਨਤੀ ਕਰਨਗੇ। ਰਾਹੁਲ ਜੀ ਨੇ ਇਸ ਮੁੱਦੇ ਨੂੰ ਸੰਸਦ ’ਚ ਵੀ ਉਠਾਉਣ ਦਾ ਵਾਅਦਾ ਕੀਤਾ ਹੈ। ਆਸ਼ਾਨਿਆ ਨੇ ਸਰਕਾਰ ਨੂੰ ਕਤਲਾਂ ਦੇ ਪਿੱਛੇ ਅਤਿਵਾਦੀਆਂ ਵਿਰੁਧ ਠੋਸ ਅਤੇ ਤੁਰਤ ਕਾਰਵਾਈ ਕਰਨ ਦੀ ਅਪੀਲ ਕੀਤੀ। ਇਹ ਪੁੱਛੇ ਜਾਣ ’ਤੇ ਕਿ ਕੀ ਉਹ ਦੁਬਾਰਾ ਕਸ਼ਮੀਰ ਜਾਣ ’ਤੇ ਵਿਚਾਰ ਕਰੇਗੀ, ਉਸ ਨੇ ਕਿਹਾ, ‘‘ਕਦੇ ਨਹੀਂ। ਇਕ ਵਾਰ ਵੀ ਨਹੀਂ।’’

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਹਿਮਾਚਲ ਪ੍ਰਦੇਸ਼ 'ਚ ਖੱਡ ਵਿੱਚ ਡਿੱਗੀ ਕਾਰ, 2 ਲੋਕਾਂ ਦੀ ਮੌਤ

**ਹਿਮਾਚਲ।** ਹਿਮਾਚਲ ਪ੍ਰਦੇਸ਼ ਦੇ ਚੰਬਾ ਵਿੱਚ ਪਠਾਨਕੋਟ-ਭਰਮੌਰ ਰਾਸ਼ਟਰੀ ਰਾਜਮਾਰਗ 154-ਏ 'ਤੇ ਸ਼ੁੱਕਰਵਾਰ ਦੇਰ ਰਾਤ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਰਾਸ਼ਟਰੀ ਰਾਜਮਾਰਗ 'ਤੇ ਦਿਆਲੂ ਪੁਲ ਨੇੜੇ ਇੱਕ ਕਾਰ ਖੱਡ ਵਿੱਚ ਡਿੱਗਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਕਾਰ ਵਿੱਚ ਚਾਰ ਲੋਕ ਸਵਾਰ ਸਨ। ਇਨ੍ਹਾਂ ਵਿੱਚੋਂ ਦੋ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਗੰਭੀਰ ਜ਼ਖ਼ਮੀਆਂ ਨੂੰ ਡਲਹੌਜ਼ੀ ਵਿੱਚ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਚੰਬਾ ਮੈਡੀਕਲ ਕਾਲਜ ਰੈਫ਼ਰ ਕਰ ਦਿੱਤਾ ਗਿਆ। ਹਾਦਸਾਗ੍ਰਸਤ ਕਾਰ ਨੰਬਰ HP-39-A-7914 ਨੂੰ ਅਮਿਤ ਕੁਮਾਰ ਉਰਫ਼ ਲੱਕੀ ਚਲਾ ਰਿਹਾ ਸੀ। ਕਾਰ ਵਿੱਚ ਅਸ਼ੋਕ ਕੁਮਾਰ, ਮਹਿੰਦਰ ਸਿੰਘ ਅਤੇ ਦੇਵਰਾਜ ਬੈਠਨਾ ਸਵਾਰ ਸਨ। ਇਨ੍ਹਾਂ ਵਿੱਚੋਂ ਮਹਿੰਦਰ ਕੁਮਾਰ ਅਤੇ



ਅਸ਼ੋਕ ਕੁਮਾਰ ਦੀ ਮੌਤ ਹੋ ਗਈ। ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਜਿਵੇਂ ਹੀ ਸਥਾਨਕ ਲੋਕਾਂ ਨੇ ਗੱਡੀ ਡਿੱਗਣ ਦੀ ਆਵਾਜ਼ ਸੁਣੀ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਗਿਆ। ਇਸ ਤੋਂ ਬਾਅਦ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਅੱਧੀ ਰਾਤ ਨੂੰ ਖੱਡ ਵਿੱਚੋਂ ਕੱਢਿਆ ਗਿਆ ਅਤੇ ਜ਼ਖ਼ਮੀਆਂ ਨੂੰ ਡਲਹੌਜ਼ੀ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਦਿੱਤਾ ਗਿਆ ਹੈ ਅਤੇ ਲਾਸ਼ਾਂ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਡੇਰਾ ਬਾਬਾ ਨਾਨਕ ’ਚ ਗਰੀਬਾਂ ਦੀਆਂ ਝੋਪੜੀਆਂ ’ਚ ਲੱਗੀ ਅੱਗ



**ਡੇਰਾ ਬਾਬਾ ਨਾਨਕ।** ਬੀਤੀ ਰਾਤ ਆਈ ਤੇਜ਼ ਹਨੇਰੀ-ਝੱਖੜ ’ਚ ਡੇਰਾ ਬਾਬਾ ਨਾਨਕ ਦੇ ਪਿੰਡ ਮਮਣ ’ਚ ਵਸੇ ਗੁਜਰ ਭਾਈਚਾਰੇ ਦੇ ਲੋਕਾਂ ਲਈ ਆਫ਼ਤ ਬਣ ਕੇ ਆਈ ਹੈ। ਜਾਣਕਾਰੀ ਅਨੁਸਾਰ ਹਨੇਰੀ-ਝੱਖੜ ਕਾਰਨ ਗੁਜਰ ਭਾਈਚਾਰੇ ਦੀਆਂ ਝੋਪੜੀਆਂ ’ਚ ਅੱਗ ਲੱਗ ਗਈ। ਇਸ ਦੌਰਾਨ ਕਾਲੂ ਨਾਮ ਦੇ ਵਿਅਕਤੀ ਨੇ ਦਸਿਆ ਕਿ ਸਾਡੇ ਲੋਕਾਂ ਦੀ ਝੋਪੜੀਆਂ ਨੂੰ ਅੱਗ ਲੱਗ ਗਈ, ਜਿਸ ਕਾਰਨ ਕਾਫੀ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦਸਿਆ ਕਿ 30 ਦੇ ਕਰੀਬ ਮੱਝਾਂ, ਬਕਰੀਆਂ ਅੱਗ ਦੀ ਲਪੇਟ ’ਚ ਆ ਗਈ ਹਨ, ਜਿਸ ’ਚੋਂ ਕਈਆਂ ਦੀ ਮੌਤ ਵੀ ਹੋ ਗਈ ਹੈ। ਇਸ ਤੋਂ ਇਲਾਵਾ ਪਰਿਵਾਰਾਂ ਦਾ ਸਾਰਾ ਸਾਮਾਨ ਸਮੇਤ ਸੋਨੇ, ਚਾਂਦੀ ਦੇ ਗਹਿਣੇ ਅਤੇ ਨਕਦੀ ਅਤੇ ਹੋਰ ਵੀ ਮਾਲੀ ਨੁਕਸਾਨ ਹੋਇਆ ਹੋ ਗਿਆ ਹੈ।

# ਪੰਜਾਬ ਤੋਂ ਪਾਣੀ ਦੀ ਇੱਕ ਬੂੰਦ ਵੀ ਨਹੀਂ ਜਾਣ ਦੇਵਾਂਗੇ: ਰਾਜਾ ਵੜਿੰਗ



**ਚੰਡੀਗੜ੍ਹ।** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਚੇਤਾਵਨੀ ਦਿੱਤੀ ਕਿ ਸੂਬੇ ਦੇ ਲੋਕ ਕਿਸੇ ਹੋਰ ਸੂਬੇ ਨੂੰ ਵਾਧੂ ਪਾਣੀ ਦੀ ਇੱਕ ਬੂੰਦ ਵੀ ਨਹੀਂ ਜਾਣ ਦੇਣਗੇ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਉਸ ਦੇ ਬਣਦੇ ਹੱਕ ਮੁਤਾਬਿਕ ਪਾਣੀ ਮਿਲ ਗਿਆ ਹੈ ਅਤੇ ਪੰਜਾਬ ਖ਼ੁਦ ਪਾਣੀ ਦੀ ਕਮੀ ਵਿੱਚ ਹੈ, ਤਾਂ ਹਰਿਆਣਾ ਵਾਧੂ ਪਾਣੀ ਨਹੀਂ ਮੰਗ ਸਕਦਾ। ਸੂਬਾ ਕਾਂਗਰਸ ਪ੍ਰਧਾਨ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੇ ਪਾਣੀ ਨੂੰ ਬਚਾਉਣ ਲਈ ਇੱਕ ਪ੍ਰਭਾਵਸ਼ਾਲੀ ਰਣਨੀਤੀ ਬਣਾਉਣ ਲਈ ਐਮਰਜੈਂਸੀ ਸਰਬ ਪਾਰਟੀ ਮੀਟਿੰਗ ਬੁਲਾਉਣੀ ਚਾਹੀਦੀ ਹੈ। 'ਆਪ' ਵੱਲੋਂ ਵਿਰੋਧ ਪ੍ਰਦਰਸ਼ਨ ਅਤੇ ਧਰਨੇ ਦੇਣ ਦੇ ਐਲਾਨ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਹ ਜਨਤਾ ਦਾ ਧਿਆਨ ਭਟਕਾਉਣ ਲਈ ਸਿਰਫ਼ ਇੱਕ ਡਰਾਮਾ ਸੀ। ਜਦੋਂ ਤੁਸੀਂ ਸਰਕਾਰ ਵਿੱਚ ਹੋ, ਤਾਂ ਤੁਹਾਨੂੰ ਧਰਨੇ ਲਗਾਉਣ ਦੀ ਕੀ ਲੋੜ ਹੈ? ਉਨ੍ਹਾਂ 'ਆਪ' ਸਰਕਾਰ ਨੂੰ ਇਸ ਡਰਾਮੇ ਨੂੰ ਬੰਦ ਕਰਨ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਲਈ ਕਿਹਾ।
ਵੜਿੰਗ ਨੇ ਕਿਹਾ ਕਿ ਹਰਿਆਣਾ ਵੱਲੋਂ ਵਾਧੂ ਪਾਣੀ ਮੰਗਣ ਦਾ ਕੋਈ ਕਾਰਨ ਨਹੀਂ ਹੈ ਜਦੋਂ ਉਸ ਨੂੰ ਆਪਣਾ ਹਿੱਸਾ ਪਹਿਲਾਂ ਹੀ ਮਿਲ ਚੁੱਕਾ ਹੈ। ਉਨ੍ਹਾਂ ਨੇ ਸਰਕਾਰ ਨੂੰ ਸਥਿਤੀ ਨਾਲ ਨਜਿੱਠਣ ਲਈ ਪੂਰੀ ਸਹਾਇਤਾ ਦਾ ਭਰੋਸਾ ਦਿੱਤਾ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ 'ਆਪ' ਸਰਕਾਰ 'ਤੇ ਪਖੰਡ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਸ ਦਾ ਭਾਜਪਾ ਨਾਲ ਇੱਕ ਗੁਪਤ ਸਮਝੌਤਾ ਸੀ, ਜਿਸ ਦਾ ਪਰਦਾਫਾਸ਼ ਉਦੋਂ ਹੋਇਆ ਜਦੋਂ ਇਸ ਨੇ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਬੇਰਹਿਮੀ ਨਾਲ ਦਹਿਸ਼ਤ ਫੈਲਾਈ।
ਜਦੋਂ ਤੁਹਾਡਾ ਭਾਜਪਾ ਨਾਲ ਪਹਿਲਾਂ ਹੀ ਅਜਿਹਾ ਸਮਝੌਤਾ ਹੈ, ਤਾਂ ਤੁਹਾਨੂੰ ਵਿਰੋਧ ਪ੍ਰਦਰਸ਼ਨਾਂ ਦਾ ਡਰਾਮਾ ਕਰਨ ਦੀ ਕੀ ਲੋੜ ਹੈ? ਉਨ੍ਹਾਂ 'ਆਪ' ਲੀਡਰਸ਼ਿਪ ਨੂੰ ਕਿਸੇ ਵੀ ਸਮਝੌਤੇ ਜਾਂ ਪੰਜਾਬ ਦੇ ਪਾਣੀ ਨੂੰ ਕਿਸੇ ਹੋਰ ਰਾਜ ਨੂੰ ਸੌਂਪਣ ਵਿਰੁੱਧ ਚੇਤਾਵਨੀ ਦਿੱਤੀ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਹਰਿਆਣਾ ਨੂੰ ਪਾਣੀ ਦੇਣ ਦੇ ਵਿਰੁੱਧ ਨਹੀਂ ਹੈ ਪਰ ਅਸੀਂ ਵਾਧੂ ਪਾਣੀ ਦੀ ਇੱਕ ਵੀ ਬੂੰਦ ਪੰਜਾਬ ਤੋਂ ਬਾਹਰ ਨਹੀਂ ਜਾਣ ਦੇਵਾਂਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਪੰਜਾਬ ਕੋਲ ਆਪਣੀ ਖਪਤ ਲਈ ਲੋੜੀਂਦਾ ਪਾਣੀ ਨਹੀਂ ਹੈ, ਤਾਂ ਉਹ ਦੂਜਿਆਂ ਨੂੰ ਵਾਧੂ ਪਾਣੀ ਕਿਵੇਂ ਦੇ ਸਕਦਾ ਹੈ?

# ਭਾਰਤ ਨੂੰ ਹੋਰ ਸਿਨੇਮਾਘਰ ਬਣਾਉਣ ਲਈ ਨਿਵੇਸ਼ ਕਰਨ ਦੀ ਲੋੜ ਹੈ: ਆਮਿਰ ਖਾਨ



**ਮੁੰਬਈ।** ਬਾਲੀਵੁੱਡ ਅਦਾਕਾਰ ਆਮਿਰ ਖਾਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰਤ ਇਕ ਫਿਲਮ ਪ੍ਰੇਮੀ ਦੇਸ਼ ਹੈ ਪਰ ਇਸਦੇ ਜ਼ਿਆਦਾਤਰ ਲੋਕਾਂ ਕੋਲ ਸਿਨੇਮਾਘਰਾਂ ਤੱਕ ਦੀ ਪਹੁੰਚ ਨਹੀਂ ਹੈ। ਇੱਥੇ ਪਹਿਲੇ ਵਿਸ਼ਵ ਆਡੀਓ ਵਿਜ਼ੂਅਲ ਅਤੇ ਮਨੋਰੰਜਨ ਸੰਮੇਲਨ (ਵੇਵਜ਼) ਦੇ ਦੂਜੇ ਦਿਨ 60 ਸਾਲਾ ਅਦਾਕਾਰ ਨੇ “ਸਟੂਡੀਓਜ਼ ਆਫ਼ ਦ ਫਿਊਚਰ: ਪੁਟਿੰਗ ਇੰਡੀਆ ਆਨ ਵਰਲਡ ਸਟੂਡੀਓ ਮੈਪ” ਸਿਰਲੇਖ ਵਾਲੇ ਇਕ ਸੈਸ਼ਨ ਵਿਚ ਹਿੱਸਾ ਲਿਆ। ਆਮਿਰ ਖਾਨ ਨੇ ਕਿਹਾ ਕਿ ਉਦਯੋਗ ਦੇ ਵਿਕਾਸ ਨੂੰ ਵਧਾਉਣ ਲਈ ਬੁਨਿਆਦੀ ਢਾਂਚੇ ਵਿਚ ਨਿਵੇਸ਼ ਦੀ ਗੰਭੀਰ ਲੋੜ ਹੈ। ਅਦਾਕਾਰ ਨੇ ਕਿਹਾ, ‘‘ਮੇਰਾ ਵਿਸ਼ਵਾਸ ਹੈ ਕਿ ਸਾਨੂੰ ਭਾਰਤ ਵਿਚ ਬਹੁਤ ਸਾਰੇ ਹੋਰ ਸਿਨੇਮਾਘਰ ਅਤੇ ਵੱਖ-ਵੱਖ ਕਿਸਮਾਂ ਦੇ ਸਿਨੇਮਾਘਰ ਹੋਣ ਦੀ ਜ਼ਰੂਰਤ ਹੈ। ਦੇਸ਼ ਵਿਚ ਅਜਿਹੇ ਜ਼ਿਲ੍ਹੇ ਅਤੇ ਵਿਸ਼ਾਲ ਖੇਤਰ ਹਨ ਜਿਨ੍ਹਾਂ ਕੋਲ ਇਕ ਵੀ ਸਿਨੇਮਾ ਘਰ ਨਹੀਂ ਹੈ।’’ ਸੁਪਰਸਟਾਰ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਰਤ ਸਿਨੇਮਾ ਸਕ੍ਰੀਨਾਂ ਦੀ ਗਿਣਤੀ ਦੇ ਮਾਮਲੇ ਵਿਚ ਅਮਰੀਕਾ ਅਤੇ ਚੀਨ ਤੋਂ ਬਹੁਤ ਪਿੱਛੇ ਹੈ। ਉਨ੍ਹਾਂ ਕਿਹਾ ਦੇਸ਼ ਦੇ ਆਕਾਰ ਅਤੇ ਇੱਥੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਦੇ ਹਿਸਾਬ ਨਾਲ ਸਾਡੇ ਕੋਲ ਬਹੁਤ ਘੱਟ ਸਿਨੇਮਾਘਰ ਹਨ। ਮੈਨੂੰ ਲੱਗਦਾ ਹੈ ਕਿ ਸਾਡੇ ਕੋਲ ਲਗਭਗ 10,000 ਸਕ੍ਰੀਨਾਂ ਹਨ। ਅਮਰੀਕਾ ਵਿਚ ਜਿਸਦੀ ਆਬਾਦੀ ਭਾਰਤ ਦੀ ਇਕ ਤਿਹਾਈ ਹੈ, ਉਨ੍ਹਾਂ ਕੋਲ 40,000 ਸਕ੍ਰੀਨਾਂ ਹਨ। ਇਸ ਲਈ ਉਹ ਸਾਡੇ ਤੋਂ ਬਹੁਤ ਅੱਗੇ ਹਨ। ਚੀਨ ਕੋਲ 90,000 ਸਕ੍ਰੀਨਾਂ ਹਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

**PLUMBING : -** Repairs/Replacement of Bathrooms accessories (sink, taps, tubs, showers, Toilets etc.

**ELECTRICIAN :-** Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

**MASONRY WORK: -** Plastering, skimming, Brick Work, Slabs Lying, Drive Ways, Roof maintenance etc.

**CARPENTRY: -** Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਨੂੰ ਸਮਰਪਿੱਤ ਵਿਚਾਰ ਗੋਸ਼ਟੀ





**ਸੰਗਰੂਰ।** ਅੱਜ ਸਥਾਨਕ ਸ਼੍ਰੀ ਨੈਣਾਂ ਦੇਵੀ ਮੰਦਿਰ ਧਰਮਸ਼ਾਲਾ ਸੰਗਰੂਰ ਵਿਖੇ ਬੀਐਸਐਨਐਲ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਵੱਲੋਂ ਡਾਕਟਰ ਭੀਮ ਰਾਓ ਅੰਬੇਦਕਰ ਨੂੰ ਸਮਰਪਿੱਤ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਗੋਸ਼ਟੀ ਦੀ ਸ਼ੁਰੂਆਤ ਇਸ ਮਹੀਨੇ ਪਹਿਲਗਾਮ ਵਿੱਚ ਵਾਪਰੇ ਖ਼ੂਨੀ ਕਾਂਡ ਵਿੱਚ ਮਾਰੇ ਗਏ ਬੇਦੋਸ਼ੇ ਇਨਸਾਨਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਤੇ ਇਸ ਕਾਂਡ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਕੇ ਕੀਤੀ ਗਈ। ਇਸ ਉਪਰੰਤ ਪੀ ਸੀ ਬਾਘਾ ਨੇ ਡਾਕਟਰ ਭੀਮ ਰਾਓ ਅੰਬੇਦਕਰ ਦੇ ਜੀਵਨ, ਫ਼ਲਸਫ਼ੇ ਅਤੇ ਸੰਵਿਧਾਨਿਕ ਸਭਾ ਦੇ ਮੁੱਖੀ ਵਜੋਂ ਉਨ੍ਹਾਂ ਦੇ ਯੋਗਦਾਨ ਦੀ ਵਿਸਥਾਰ ਵਿੱਚ ਜਾਣਕਾਰੀ ਦਿਤੀ ਮੀਟਿੰਗ ਵਿੱਚ ਵਿਸੇਸ਼ ਤੇ ਸ਼ਿਰਕਤ ਕਰਨ ਲਈ ਸਾਬਕਾ ਸਰਪੰਚ ਸ਼ੇਰਪੁਰ ਅਤੇ ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਿਸਾਨ ਸੈੱਲ ਸ਼੍ਰੀ ਰਣਜੀਤ ਸਿੰਘ ਧਾਲੀਵਾਲ ਦਾ ਪੁਰ-ਜ਼ੋਰ ਸੁਆਗਤ ਕੀਤਾ ਗਿਆ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਸੰਗਰੂਰ ਟੀਮ ਵੱਲੋਂ ਪੈਨਸ਼ਨਰਾਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਅਤੇ ਆਪਣੀ ਰਾਜਨੀਤਕ ਪਾਰਟੀ ਵਲੋਂ ਸੀ ਜੀ ਐਚ ਐਸ ਵੈਲਨੈਸ ਸੈਂਟਰ ਪਟਿਆਲਾ ਦੀ ਜਲਦ ਸਥਾਪਨਾ ਵਾਸਤੇ ਹਰ ਤਰ੍ਹਾਂ ਦੀ ਮੱਦਦ ਦਾ ਭਰੋਸਾ ਦਿੱਤਾ। ਉਪਰੰਤ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਸ਼੍ਰੀ ਗੁਰਮੇਲ ਸਿੰਘ ਭੱਟੀ ਤੇ ਸ਼੍ਰੀ ਵੀ.ਕੇ. ਮਿੱਤਲ ਵੱਲੋਂ ਪੈਨਸ਼ਨ ਕੈਮੁਟੇਸ਼ਨ, ਪੈਨਸ਼ਨ ਰਵੀਜ਼ਨ ਅਤੇ ਪੇ ਰਵੀਜ਼ਨ ਬਾਰੇ ਤਾਜ਼ਾ ਜਾਣਕਾਰੀ ਸਾਂਝੀ ਕੀਤੀ। ਸ਼੍ਰੀ ਪੀ.ਕੇ. ਗਰਗ ਨੇ ਆਯੁਰਵੈਦਿਕ ਚਿਕਿਤਸਾ ਪ੍ਰਣਾਲੀ ਦੀਆਂ ਖ਼ੂਬੀਆਂ ਬਾਰੇ ਦੱਸਿਆ । ਪਰਬੰਧਕ ਕਮੇਟੀ ਵੱਲੋਂ ਐਨ ਆਈ ਆਰ ਸ਼੍ਰੀ ਸੋਹਣ ਸਿੰਘ ਢੀਂਡਸਾ ਨੂੰ ਸਨਮਾਨਿਤ ਕੀਤਾ ਗਿਆ।

ਰਘਬੀਰ ਸਿੰਘ ਛਾਜਲੀ ਤੇ ਸ਼੍ਰੀ ਸੁਰਿੰਦਰ ਪਾਲ ਨੇ ਧਰਮ, ਵਿਗਿਆਨ ਅਤੇ ਤਰਕਸ਼ੀਲਤਾ ਦੇ ਵਿਸ਼ੇ ਤੇ ਤੱਥਾਂ ਸਮੇਤ ਰੌਸ਼ਨੀ ਪਾਈ ਅਤੇ ਤਰਕਸ਼ੀਲ ਸਾਹਿਤ ਵੰਡਿਆ। ਸ਼੍ਰੀ ਅਸ਼ਵਨੀ ਕੁਮਾਰ ਨੇ ਮਾਨਸਿਕ ਅਤੇ ਸਰੀਰਕ ਰੋਗਾਂ ਤੋਂ ਬਚਣ ਲਈ ਸਮਾਜ ਸੇਵਾ ਨੂੰ ਅਪਣਾਉਣ ਦਾ ਸੱਦਾ ਦਿੱਤਾ ।ਸ਼੍ਰੀ ਸੁਖਦੇਵ ਸਿੰਘ ਤੇ ਰਣਜੀਤ ਅਲੀਪੁਰ ਨੇ ਮਾਨਸਿਕ ਸਤੁੰਸ਼ਟੀ ਅਤੇ ਸੇਵਾ ਭਾਵਨਾ ਲਈ ਆਪਣੀ ਆਮਦਨ ਵਿੱਚੋਂ ਕੁਝ ਹਿੱਸਾ ਜਾਨ ਲੇਵਾ ਬੀਮਾਰੀਆਂ ਨਾਲ ਲੜ ਰਹੇ ਮਰੀਜ਼ਾਂ ਵਾਸਤੇ ਪਾਉਣ ਦਾ ਸੁਝਾਅ ਰੱਖਿਆ ਤੇ ਆਪ ਯੋਗਦਾਨ ਪਾਇਆ। ਇਸ ਮਹੀਨੇ ਜਨਮ ਦਿਨ ਅਤੇ ਵਿਆਹ ਵਰ੍ਹੇ ਗੰਢ ਵਾਲ਼ੇ ਸਾਥੀਆਂ ਦਾ ਤੋਹਫ਼ੇ ਦੇ ਕੇ ਸਨਮਾਨ ਕੀਤਾ ਗਿਆ। ਸ਼੍ਰੀ ਹਰਮੇਸ਼ ਸਿੰਘ ਨੇ ਤੇ ਰਣਜੀਤ ਸਿੰਘ ਅਲੀਪੁਰ ਨੇ ਅਪਣੀ ਸੁਰੀਲੀ ਆਵਾਜਾਂ ਵਿੱਚ ਗੀਤ ਗਾਏ।ਮੰਚ ਸੰਚਾਲਨ ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ ਕੀਤਾ ਗਿਆ। ਸ਼੍ਰੀ ਰਣਜੀਤ ਸਿੰਘ ਅਲੀਪੁਰ ਨੇ ਸਾਰਿਆਂ ਦਾ ਧੰਨਵਾਦ ਕੀਤਾ ।

**ਮਾਸਟਰ ਪਰਮਵੇਦ**
**9417422349**

# ਸ ਗੁਰਪ੍ਰਤਾਪ ਸਿੰਘ ਵਡਾਲਾ ਐਤਵਾਰ ਨੂੰ ਲੈਸਟਰ ਅਤੇ ਸਾਊਥਹਾਲ ਦੀਆ ਸੰਗਤਾਂ ਨੂੰ ਕਰਨਗੇ ਸੰਬੋਧਨ

**ਲੈਸਟਰ(ਇੰਗਲੈਂਡ)।** (ਸੁਖਜਿੰਦਰ ਸਿੰਘ ਢੱਡੇ)ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਵਾਸਤੇ ਚੁਣੇ ਨੁਮਾਇੰਦੇ ਸ ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ 2 ਮਈ ਤੋਂ ਚਾਰ ਦਿਨਾਂ ਦੀ ਆਪਣੀ ਨਿੱਜੀ ਫੇਰੀ ਤੇ ਇੰਗਲੈਂਡ ਆ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ ਵਡਾਲਾ ਦੇ ਨਜ਼ਦੀਕੀ ਸਾਥੀ ਅਤੇ ਤੀਰ ਗਰੁੱਪ ਲੈਸਟਰ ਦੇ ਚੇਅਰਮੈਨ ਬਰਿੰਦਰ ਸਿੰਘ ਬਿੱਟੂ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਬਕਾ ਪ੍ਰਧਾਨ ਰਾਜਮਨਿੰਦਰ ਸਿੰਘ ਰਾਜਾ ਕੰਗ ਅਤੇ ਮੌਜੂਦਾ ਪ੍ਰਧਾਨ ਸ ਗੁਰਨਾਮ ਸਿੰਘ ਨਵਾਂ ਸ਼ਹਿਰ ਨੇ ਸਾਂਝੇ ਤੌਰ ਤੇ ਦੱਸਿਆ ਕਿ ਸ ਵਡਾਲਾ ਚਾਰ ਦਿਨਾਂ ਦੀ ਆਪਣੀ ਨਿੱਜੀ ਫੇਰੀ ਤੇ ਅੱਜ 2 ਮਈ ਨੂੰ ਇੰਗਲੈਂਡ ਆ ਰਹੇ ਹਨ। ਉਹਨਾਂ ਦੱਸਿਆ ਕਿ ਸ ਵਡਾਲਾ ਆਪਣੀ ਇਸ ਨਿੱਜੀ ਫੇਰੀ ਦੌਰਾਨ 4 ਮਈ ਐਤਵਾਰ ਨੂੰ ਸਵੇਰੇ 11:30 ਗੁਰਦੁਆਰਾ ਸ਼੍ਰੀ ਤੇਗ ਬਹਾਦਰ ਸਾਹਿਬ ਲੈਸਟਰ ਵਿਖੇ ਸੰਗਤਾਂ ਨੂੰ ਸੰਬੋਧਨ ਕਰਨਗੇ ਅਤੇ ਐਤਵਾਰ ਸ਼ਾਮ ਨੂੰ 6:30 ਵਜੇ ਸਿੱਖ ਮਸ਼ੀਨਰੀ ਸੁਸਾਇਟੀ ਸਾਊਥ ਹਾਲ ਵਿਖੇ ਸੰਗਤਾਂ ਨੂੰ ਸੰਬੋਧਨ ਕਰਨਗੈ। ਉਕਤ ਆਗੂਆਂ ਨੇ ਦੱਸਿਆ ਕਿ ਇਸ ਤੋਂ ਬਾਅਦ ਸ ਗੁਰਪ੍ਰਤਾਪ ਸਿੰਘ ਵਡਾਲਾ ਆਪਣੀ ਨਿੱਜੀ ਫੇਰੀ ਤੇ ਕਨੇਡਾ ਰਵਾਨਾ ਹੋਣਗੇ।



ਗੁਰਪ੍ਰਤਾਪ ਸਿੰਘ ਵਡਾਲਾ

# ਇਨਕਲਾਬੀ ਜੋਸ਼-ਖਰੋਸ਼ ਨਾ਼ਲ ਮਜਦੂਰ ਦਿਹਾੜਾ ਮਨਾਇਆ ਗਿਆ

## ਸਰਮਾਏਦਾਰਾ ਲੁੱਟ-ਖਸੁੱਟ ਖਿਲਾਫ ਸੰਘਰਸ਼ ਤੇਜ ਕਰਨ ਦੇ ਸੰਕਲਪ ਲੈਂ ਕੇ ਮਜਦੂਰਾਂ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)** ਅੱਜ ਕਾਰਖਾਨਾ ਮਜਦੂਰ ਯੂਨੀਅਨ ਚੰਡੀਗੜ੍ਹ ਵੱਲੋਂ ਨੌਜਵਾਨ ਭਾਰਤ ਸਭਾ ਦੇ ਸਹਿਯੋਗ ਨਾ਼ਲ ਹੱਲੋਮਾਜਰਾ (ਚੰਡੀਗੜ੍ਹ) ਵਿਖੇ 'ਮਜਦੂਰ ਦਿਵਸ ਕਾਨਫਰੰਸ' ਕੀਤੀ ਗਈ। ਕਾਨਫਰੰਸ ਦੀ ਸ਼ੁਰੂਆਤ ਮਜਦੂਰ ਜਮਾਤ ਦੇ ਸੰਘਰਸ਼ਾਂ ਅਤੇ ਕੁਰਬਾਨੀਆਂ ਦੇ ਪ੍ਰਤੀਕ ਲਾਲ ਝੰਡਾ ਲਹਿਰਾ ਕੇ ਅੰਬਰੀ ਗੂੰਜਦੇ ਇਨਕਲਾਬੀ ਨਾਅਰਿਆਂ ਅਤੇ ਕੌਮਾਂਤਰੀ ਗੀਤ ਨਾ਼ਲ ਕੀਤੀ ਗਈ। ਕਾਨਫਰੰਸ ਵਿੱਚ ਕਾਰਖਾਨਾ ਮਜਦੂਰ ਯੂਨੀਅਨ ਚੰਡੀਗੜ੍ਹ ਦੇ ਮਾਨਵ ਤੇ ਨਿੱਕੀ ਤੇ ਨੌਜਵਾਨ ਭਾਰਤ ਸਭਾ ਦੇ ਆਗੂ ਪੁਸ਼ਪਿੰਦਰ ਨੇ ਸੰਬੋਧਨ ਕੀਤਾ। ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਵੱਲੋਂ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ। ਬੁਲਾਰਿਆਂ ਨੇ ਮਈ ਦਿਹਾੜੇ ਦੇ ਇਤਿਹਾਸਕ ਮਹੱਤਵ ਅਤੇ ਦੇਸ਼-ਦੁਨੀਆਂ ਦੇ ਹਲਾਤਾਂ ਅਤੇ ਮਜਦੂਰ ਜਮਾਤ ਨੂੰ ਦਰਪੇਸ਼ ਚਣੌਤੀਆਂ ਬਾਰੇ ਗੱਲਬਾਤ ਕੀਤੀ। ਪ੍ਰੋਗਰਾਮ ਦੌਰਾਨ ਇਨਕਲਾਬੀ ਗੀਤਾਂ ਅਤੇ ਨਾਟਕ ' ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੰਚ ਸੰਚਾਲਨ ਅੰਕਿਤ ਨੇ ਬਾਖੂਬੀ ਕੀਤਾ। ਅੰਤ ਵਿੱਚ ਇਲਾਕੇ 'ਚ ਪੈਦਲ ਝੰਡਾ ਮਾਰਚ ਵੀ ਕੀਤਾ ਗਿਆ।

ਕਾਨਫਰੰਸ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਮਈ ਦਿਹਾੜਾ ਮਜਦੂਰਾਂ ਦੇ ਸੰਘਰਸ਼ਾਂ ਦਾ ਚਿੰਨ੍ਹ ਹੈ। ਦੁਨੀਆ ਭਰ 'ਚ ਹਰ ਸਾਲ 1 ਮਈ ਦਾ ਦਿਨ 'ਅੱਠ ਘੰਟੇ ਕੰਮ, ਅੱਠ ਘੰਟੇ ਅਰਾਮ ਅਤੇ ਅੱਠ ਘੰਟੇ ਮਨੋਰੰਜਨ' ਦੇ ਨਾਅਰੇ ਹੇਠ ਹੋਏ ਇਤਿਹਾਸਕ ਸੰਘਰਸ਼ ਅਤੇ ਮਜਦੂਰਾਂ-ਕਿਰਤੀਆਂ ਦੇ ਹੋਰ ਹੱਕਾਂ ਲਈ ਕੁਰਬਾਨ ਹੋਏ ਮਜਦੂਰ ਸ਼ਹੀਦਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਮਈ ਦਿਹਾੜੇ ਦੇ ਸ਼ਹੀਦਾਂ ਦੇ ਵਿਚਾਰ, ਉਹਨਾਂ ਦੀਆਂ ਸ਼ਹਾਦਤਾਂ, ਉਹਨਾਂ ਦਾ ਜੀਵਨ ਲੁੱਟੀਂਦੇ ਲੋਕਾਂ ਲਈ ਪ੍ਰੇਰਨਾ ਦਾ ਸ੍ਰੋਤ ਹੈ। ਦੁਨੀਆਂ ਭਰ ਤੇ ਭਾਰਤ ਵਿੱਚ ਵੀ ਜੋ ਵੀ ਕਨੂੰਨੀ ਤੌਰ ਉੱਤੇ ਮਜਦੂਰਾਂ ਨੂੰ ਹੱਕ ਮਿ਼ਲੇ ਹਨ, ਉਹ ਸਰਮਾਏਦਾਰ ਜਮਾਤ ਦੀ ਖੈਰਾਤ ਵਿੱਚੋਂ ਨਹੀਂ ਸਗੋਂ ਮਜਦੂਰ ਜਮਾਤ ਦੇ ਇੱਕਮੁੱਠ ਜੁਝਾਰੂ ਸੰਘਰਸ਼ ਅਤੇ ਸਾਡੇ ਪੁਰਖਿਆਂ ਦੀਆਂ ਲਾਸਾਨੀ ਸ਼ਹਾਦਤਾਂ ਸਦਕਾ ਹੀ ਸਾਰੇ ਹੱਕ ਸਾਨੂੰ ਮਿ਼ਲੇ ਹਨ। ਜਦੋਂ ਵੀ ਸਰਕਾਰ ਅਤੇ ਸਰਮਾਏਦਾਰ ਮਜਦੂਰਾਂ ਦੀ ਏਕਤਾ ਨੂੰ ਕਮਜੋਰੀ ਦੀ ਹਾਲਤ 'ਚ ਦੇਖਦੇ ਹਨ ਤਾਂ ਸਾਡੇ ਹੱਕਾਂ 'ਤੇ ਹੱਲਾ ਬੋ਼ਲਦੇ ਹਨ।



ਬੁਲਾਰਿਆਂ ਨੇ ਕਿਹਾ ਕਿ ਅੱਜ ਭਾਰਤ ਵਿੱਚ ਮਜਦੂਰ ਲਹਿਰ ਦੀ ਕਮਜੋਰੀ ਦੀ ਹਾਲਤ ਵੇਖਦਿਆਂ ਮਜਦੂਰਾਂ, ਕਿਰਤੀਆਂ ਉੱਤੇ ਸਰਮਾਏਦਾਰ ਜਮਾਤ ਵੱਲੋਂ ਤਿੱਖਾ ਆਰਥਿਕ, ਸਿਆਸੀ ਹੱਲਾ ਬੋਲਿਆ ਜਾ ਰਿਹਾ ਹੈ। ਮਜਦੂਰਾਂ ਦੇ ਮਾੜੇ-ਮੋਟੇ ਕਨੂੰਨੀ ਕਿਰਤ ਹੱਕ ਵੀ ਖੋਹੇ ਜਾ ਰਹੇ ਹਨ। ਮੋਦੀ ਸਰਕਾਰ ਵੱਲੋਂ ਚਾਰ ਕਿਰਤ ਕੋਡਾਂ ਦੇ ਰੂਪ ਵਿੱਚ ਵੱਡਾ ਹਮਲਾ ਮਜਦੂਰ ਜਮਾਤ ਉੱਤੇ ਬੋਲਿਆ ਗਿਆ ਹੈ। ਹਰੇਕ ਸਰਕਾਰ ਵੱਲੋਂ ਸੰਸਾਰੀਕਰਨ-ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਧੜਾਧੜ ਲਾਗੂ ਕੀਤੀਆਂ ਜਾ ਰਹੀਆਂ ਹਨ। ਫਿਰਕੂ-ਫਾਸ਼ੀ ਹਮਲਾ ਵੀ ਵਧਦਾ ਜਾ ਰਿਹਾ ਹੈ। ਮਜਦੂਰ ਜਮਾਤ ਨੂੰ ਇਹਨਾਂ ਹੱਲਿਆਂ ਦੇ ਟਾਕਰੇ ਲਈ ਹੋਰ ਕਿਰਤੀਆਂ ਨੂੰ ਨਾ਼ਲ ਲੈਂਦੇ ਹੋਏ ਵਿਸ਼ਾਲ ਇੱਕਮੁੱਠ ਤਾਕਤ ਉਸਾਰਨੀ ਹੋਵੇਗੀ। ਹਰ ਪ੍ਰਕਾਰ ਦੀ ਲੁੱਟ-ਖਸੁੱਟ-ਬੇਇਨਸਾਫੀ ਖਿਲਾਫ ਜੂਝਣ ਲਈ ਅੱਗੇ ਆਉਣਾ ਹੀ ਪਹਿਲੀ ਮਈ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਕੇਂਦਰ ਸਰਕਾਰ ਦਾ ਫੂਕਿਆ ਗਿਆ ਪੁਤਲਾ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਪਾਣੀ 'ਤੇ ਹਰਿਆਣਾ ਅਤੇ ਕੇਂਦਰ ਸਰਕਾਰ ਦੀ ਦਖਲਅੰਦਾਜ਼ੀ ਅਤੇ ਬੀਬੀਐਮਬੀ ਵੱਲੋਂ ਰਾਜ ਦੇ ਹਿੱਤਾਂ ਦੀ ਅਣਦੇਖੀ ਦੇ ਖਿਲਾਫ ਅੱਜ ਕਸਬਾ ਹਰਿਆਣਾ ਦੇ ਬੱਸ ਅੱਡੇ ਨੇੜੇ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਦੇ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਹੇਠ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕੇਂਦਰ ਸਰਕਾਰ ਦਾ ਪੁਤਲਾ ਸਾੜ ਕੇ ਆਪਣੇ ਗੁੱਸੇ ਦਾ ਇਜ਼ਹਾਰ ਕੀਤਾ ਗਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਰਾਜ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਾਣੀ ਦਾ ਹੱਕ ਸਿਰਫ ਪੰਜਾਬ ਨੂੰ ਹੈ ਅਤੇ ਜ਼ਬਰਦਸਤੀ ਇਸਨੂੰ ਹੋਰ ਰਾਜਾਂ ਵੱਲ ਮੋੜਨ ਦੀ ਕੋਸ਼ਿਸ਼ ਕਾਨੂੰਨੀ ਅਤੇ ਨੈਤਿਕ ਦੋਹਾਂ ਪੱਧਰਾਂ 'ਤੇ ਗਲਤ ਹੈ। ਉਨ੍ਹਾਂ ਕੇਂਦਰ ਸਰਕਾਰ ਉੱਤੇ ਆਰੋਪ ਲਾਏ ਕਿ ਇਹ ਬੀਬੀਐਮਬੀ ਵਰਗੀਆਂ ਸੰਸਥਾਵਾਂ ਰਾਹੀਂ ਪੰਜਾਬ ਦੀ ਆਵਾਜ਼ ਨੂੰ ਦਬਾਉਣ ਅਤੇ ਰਾਜ ਨੂੰ ਉਸਦੇ ਸੰਵਿਧਾਨਕ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਸਾਜਿਸ਼ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਭਾਜਪਾ ਹਰਿਆਣਾ ਅਤੇ ਕੇਂਦਰ ਸਰਕਾਰਾਂ ਰਾਹੀਂ ਪੰਜਾਬ ਨਾਲ ਇਨਸਾਫ ਨਹੀਂ, ਸਗੋਂ ਜ਼ਿਆਦਤੀ ਕਰ ਰਹੀ ਹੈ। ਡਾ. ਰਵਜੋਤ ਸਿੰਘ ਨੇ ਸਵਾਲ ਉਠਾਇਆ ਕਿ ਜਦ ਭਾਖੜਾ ਅਤੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਪਹਿਲਾਂ ਹੀ ਚਿੰਤਾਜਨਕ ਤਰੀਕੇ ਨਾਲ ਘੱਟ ਹੈ, ਤਾਂ ਫਿਰ ਹਰਿਆਣਾ ਦੀ 8500 ਕਿਊਸੈਕ ਵਾਧੂ ਪਾਣੀ ਦੀ ਮੰਗ ਕਿਵੇਂ ਪੂਰੀ ਕੀਤੀ ਜਾ ਸਕਦੀ ਹੈ? ਉਨ੍ਹਾਂ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਸਾਫ ਪੀਣ ਵਾਲੇ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ ਅਤੇ ਨਦੀਆਂ ਵਿੱਚ ਪਾਣੀ ਦੇ ਵਹਾਅ 'ਚ ਕਮੀ ਕਾਰਨ ਸਿੰਚਾਈ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਗੰਭੀਰ ਹੋ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਭਾਜਪਾ ਦੀ ਕੇਂਦਰੀ ਸਰਕਾਰ ਵੱਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਪਾਣੀ ਦਿੱਤਵਾਉਣ ਲਈ ਪੰਜਾਬ ਉੱਤੇ ਜਿਹੜਾ ਦਬਾਅ ਬਣਾਇਆ ਜਾ ਰਿਹਾ ਹੈ, ਉਹ ਰਾਜਾਂ ਦੇ ਹੱਕਾਂ ਉੱਤੇ ਸਿੱਧਾ ਹਮਲਾ ਹੈ ਅਤੇ ਇਹ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਮਜਦੂਰ ਦਿਵਸ ਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਨੇ ਨੋਜਵਾਨਾਂ ਨੂੰ ਟੀ-ਸ਼ਰਟਾਂ ਵੰਡੀਆਂ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮਈ ਦਿਵਸ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਮੰਦਰ ਦੇ ਸਾਹਮਣੇ ਮਜ਼ਦੂਰਾਂ ਨੂੰ ਟੀ ਸ਼ਰਟਾਂ ਵੰਡ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ ਜਿਸ ਵਿੱਚ ਤਰਸੇਮ ਲੱਧੜ ਬੈਂਕ ਮੈਨੇਜਰ ਰਿਟਾਇਰ ਅਤੇ ਧਰਮ ਪਾਲ ਬੈਂਕ ਮੈਨੇਜਰ ਰਿਟਾਇਰ ਮੁੱਖ ਮਹਿਮਾਨ ਸਨ ਇਸ ਮੌਕੇ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਸਮਾਜ ਭਲਾਈ ਸੁਸਾਇਟੀ ਦੇ ਪ੍ਰਧਾਨ ਨਿੱਕੂ ਰਾਮ ਜਨਾਗਲ ਅਤੇ ਡਾਕਟਰ ਅੰਬੇਡਕਰ ਭਵਨ ਚੈਰੀਟੇਬਲ ਰਿਲੀ ਟਰੱਸਟ ਰਜਿ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ ਨੇ ਬੋਲਦਿਆਂ ਕਿਹਾ ਕਿ ਜਿਹੜੇ ਹੱਕ 8 ਮਜ਼ਦੂਰਾਂ ਨੂੰ 8 ਘੰਟੇ ਦੀ ਡਿਊਟੀ ਵਾਲੀ ਸੁਵਿਧਾ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਮਜ਼ਦੂਰਾਂ ਦੀਆਂ ਜਾਨਾਂ ਗੁਆ ਕੇ ਸ਼ਹੀਦੀਆਂ ਪਾ ਕੇ ਪ੍ਰਾਪਤ ਹੋਈ ਹੈ ਉਹ ਸੁਵਿਧਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਭਾਰਤ ਦੇ ਸੰਵਿਧਾਨ ਵਿੱਚ ਕਨੂੰਨੀ ਅਧਿਕਾਰ ਬਿਨਾਂ ਕਿਸੇ ਸਘੰਰਸ਼ ਤੇ ਤੁਹਾਨੂੰ ਲੈ ਕੇ ਦਿੱਤਾ ਹੈ ਅੱਜ ਸਮੇਂ ਅਨੁਸਾਰ ਲੋੜ ਹੈ ਉਨ੍ਹਾਂ ਸਵਿਧਾਨਕ ਅਧਿਕਾਰਾਂ ਨੂੰ ਲਾਗੂ ਲਾਗੂ ਕਰਵਾਉਣ ਲਈ ਸੰਘਰਸ਼ ਕਰਨ ਦੀ ਅੱਜ ਸਮੇਂ ਦੀਆਂ ਸਰਕਾਰਾਂ ਮਜ਼ਦੂਰਾਂ ਨੂੰ ਸਹੀ ਉਜਰਤ ਦੇਣ ਦੀ ਬਜਾਏ ਠੇਕੇਦਾਰੀ ਸਿਸਟਮ ਲਾਗੂ ਕਰ ਰਹੀਆਂ ਹਨ ਅੱਜ ਦੇ ਮਈ ਦਿਵਸ ਤੇ ਮਜ਼ਦੂਰਾਂ ਨੂੰ ਸੰਘਰਸ਼ ਕਰਨ ਦੀ ਬੇਨਤੀ ਕਰਦੇ ਹੋਏ ਇਹ ਮੰਗਕਰਦੇ ਹਾਂ ਕਿ ਇਸ ਤਰ੍ਹਾਂ ਦਾ ਕਾਨੂੰਨ ਦੇਸ਼ ਵਿੱਚ ਬਣਾਇਆ ਜਾਵੇ ਤਾਂ ਕਿ ਕੋਈ ਵੀ ਠੇਕੇਦਾਰ ਕਿਸੇ ਵੀ ਮਜ਼ਦੂਰ ਦੀ ਲੁੱਟ ਖਸੁੱਟ ਨਾ ਕਰ ਨਾ ਕਰ ਸਕੇ ਅਤੇ ਜੇਕਰ ਕੋਈ ਹਾਕਮ ਲੁੱਟ ਖਸੁੱਟ ਕਰਦਾ ਫੜਿਆ ਗਿਆ ਤਾਂ ਉਸ ਨੂੰ ਇਹੋ ਜਿਹੀ ਸਜ਼ਾ ਹੋਵੇ ਕਿ ਮੁੜ ਕੇ ਇਹੋ ਜਿਹਾ ਅਪਰਾਧ ਨਾ ਕਰ ਸਕੇ ਇਸ ਮੌਕੇ ਤੇ ਰਮਨ ਲੱਧੜ ਸੰਦੀਪ ਕਲੇਰ ਯੋਗਰਾਜ ਜੋਗੀ ਆਦੀ ਸੈਂਕੜੇ ਮਜ਼ਦੂਰ ਹਾਜ਼ਰ ਸਨ।

# ਹਰ ਸ਼ੁੱਕਰਵਾਰ ਨੂੰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਘਰ-ਘਰ ਜਾ ਕੇ ਕੀਤੀਆਂ ਗਤੀਵਿਧੀਆਂ


ਮਾਨਸਾ ਵਿਖੇ ਜਾਗਰੂਕਤਾ ਗਤੀਵਿਧੀਆਂ ਕਰਦੇ ਹੋਏ ਸਿਹਤ ਟੀਮ ਦੇ ਮੈਂਬਰ।

**ਮਾਨਸਾ (ਸਮਾਜ ਵੀਕਲੀ)** ਪੰਜਾਬ ਦੇ ਸਿਹਤ ਮੰਤਰੀ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਡਾਇਰੈਕਟਰ ਦੇ ਨਿਰਦੇਸ਼ਾਂ ਅਨੁਸਾਰ, 2 ਮਈ ਤੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਤੋਂ 10 ਵਜੇ ਤੱਕ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਡੇਂਗੂ ਦੀ ਰੋਕਥਾਮ ਲਈ ਘਰ-ਘਰ ਜਾ ਕੇ ਸਰਵੇਖਣ ਕੀਤਾ ਜਾ ਰਿਹਾ ਹੈ। ਇਸੇ ਤਹਿਤ ਮਾਨਸਾ ਜ਼ਿਲ੍ਹੇ ਵਿੱਚ ਅੱਜ ਸਿਵਲ ਸਰਜਨ ਡਾ. ਅਰਵਿੰਦਪਾਲ ਸਿੰਘ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਸ੍ਰੀ ਸੰਤੋਸ਼ ਭਾਰਤੀ ਦੀ ਨਿਗਰਾਨੀ ਵਿੱਚ ਸਿਹਤ ਕਰਮਚਾਰੀਆਂ ਵੱਲੋਂ ਡੇਂਗੂ ਦੀ ਰੋਕਥਾਮ ਲਈ ਘਰ-ਘਰ ਜਾ ਕੇ ਗਤੀਵਿਧੀਆਂ ਕੀਤੀਆਂ ਗਈਆਂ। ਮਾਨਸਾ ਦੇ ਵਾਰਡ ਨੰਬਰ 24 ਵਿੱਚ ਏ.ਐਮ.ਓ. ਕਮਲਜੀਤ ਸਿੰਘ, ਸਿਹਤ ਸੁਪਰਵਾਈਜ਼ਰ ਰਾਮ ਕੁਮਾਰ, ਸੰਜੀਵ ਕੁਮਾਰ ਆਦਿ ਦੀ ਅਗਵਾਈ ਵਿੱਚ ਸਿਹਤ ਟੀਮ ਵੱਲੋਂ ਘਰ-ਘਰ ਜਾ ਕੇ ਸਰਵੇਖਣ ਕੀਤਾ ਗਿਆ ਅਤੇ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਜਾਣਕਾਰੀ ਦਿੱਤੀ ਗਈ। ਸੀਨੀਅਰ ਮੈਡੀਕਲ ਅਫ਼ਸਰ ਡਾ. ਹਰਮਨਦੀਪ ਸਿੰਘ ਦੀ ਅਗਵਾਈ ਵਿੱਚ, ਜੋ ਕਿ ਸਿਹਤ ਬਲਾਕ ਖਿਆਲਾ ਕਲਾਂ ਨਾਲ ਸਬੰਧਤ ਹਨ, ਵੱਖ-ਵੱਖ ਪਿੰਡਾਂ ਵਿੱਚ ਸਿਹਤ ਕਰਮਚਾਰੀਆਂ ਵੱਲੋਂ ਘਰ-ਘਰ ਜਾ ਕੇ ਸਰਵੇਖਣ ਕੀਤਾ ਗਿਆ, ਲੋਕਾਂ ਨੂੰ ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਜਾਣਕਾਰੀ ਦਿੱਤੀ ਗਈ, ਪੈਂਫਲਿਟ ਵੰਡੇ ਗਏ ਅਤੇ ਲਾਰਵਾ ਚੈੱਕ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਹਤ ਸੁਪਰਵਾਈਜ਼ਰ ਸਰਬਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਨੂੰ ਵੱਖ-ਵੱਖ ਤਰੀਕਿਆਂ ਨਾਲ ਡੇਂਗੂ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਡੇਂਗੂ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗਤੀਵਿਧੀਆਂ ਦੌਰਾਨ ਡੇਂਗੂ ਦੇ ਮੱਛਰ ਦਾ ਲਾਰਵਾ ਮਿਲਣ ਵਾਲੀਆਂ ਥਾਵਾਂ 'ਤੇ ਲਾਰਵਾ ਚੈੱਕ ਕਰਕੇ ਲਾਰਵਾ ਮਿਲਣ ਵਾਲੇ ਭਾਂਡਿਆਂ ਨੂੰ ਖਾਲੀ ਕਰਵਾਇਆ ਜਾਂਦਾ ਹੈ। ਇਸ ਮੌਕੇ ਕ੍ਰਿਸ਼ਨ ਕੁਮਾਰ ਇਨਸੈਕਟ ਕੁਲੈਕਟਰ, ਸਿਹਤ ਸੁਪਰਵਾਈਜ਼ਰ ਲੀਲਾ ਰਾਮ, ਗੁਰਦੀਪ ਸਿੰਘ, ਸਿਹਤ ਕਰਮਚਾਰੀ ਰਵਿੰਦਰ ਕੁਮਾਰ, ਮੱਖਣ ਸਿੰਘ, ਸੁਖਵਿੰਦਰ ਸਿੰਘ, ਲਖਵੀਰ ਸਿੰਘ, ਪ੍ਰਦੀਪ ਸਿੰਘ, ਜੱਗਾ ਸਿੰਘ, ਤਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬੀ.ਬੀ.ਐਮ.ਬੀ. ਦਾ ਫੈਸਲਾ ਪੰਜਾਬ ਨਾਲ ਧੱਕਾ, ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ - ਡਾ. ਰਾਜ ਕੁਮਾਰ ਚੱਬੇਵਾਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਪੰਜਾਬ ਸਰਕਾਰ ਦੇ ਤਿੱਖੇ ਵਿਰੋਧ ਦੇ ਬਾਵਜੂਦ ਪੰਜਾਬ ਦੇ ਹਿੱਸੇ 'ਚੋਂ ਗੁਆਂਢੀ ਸੂਬੇ ਹਰਿਆਣਾ ਨੂੰ ਭਾਖੜਾ ਡੈਮ ਤੋਂ ਫੌਰੀ 8500 ਕਿਊਸਿਕ ਵਾਧੂ ਪਾਣੀ ਦੇਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕਾ ਅਤੇ ਪੰਜਾਬੀਆਂ ਖਿਲਾਫ਼ ਡੂੰਘੀ ਸਾਜਿਸ਼ ਕਰਾਰ ਦਿੱਤਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਫੈਸਲੇ ਨੂੰ ਪੰਜਾਬ ਦੇ ਪਾਣੀਆਂ 'ਤੇ ਡਾਕਾ ਦੱਸਦਿਆਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਰਾਜ ਦੇ ਹੱਕਾਂ ਨਾਲ ਸਿੱਧੇ ਤੌਰ 'ਤੇ ਜੁੜੇ ਇਸ ਗੰਭੀਰ ਮੁੱਦੇ 'ਤੇ ਸਾਰੀਆਂ ਸਿਆਸੀ ਪਾਰਟੀਆਂ ਸਮੇਤ ਭਾਜਪਾ ਨੂੰ ਪੰਜਾਬ ਦੇ ਹਿੱਤ ਲਈ ਖੜ੍ਹਨਾ ਚਾਹੀਦਾ ਹੈ ਤਾਂ ਜੋ ਸੰਘੀ ਢਾਂਚੇ 'ਤੇ ਹਮਲੇ ਦੀ ਇਸ ਕੋਝੀ ਸਾਜਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਦੇ ਅੰਕੜਿਆਂ ਮੁਤਾਬਕ ਭਾਖੜਾ ਡੈਮ ਅਤੇ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਹੇਠਾਂ ਦਰਜ ਕੀਤਾ ਗਿਆ ਜਦਕਿ ਦੂਸਰੇ ਪਾਸੇ ਹਰਿਆਣਾ ਦੀ 8500 ਕਿਊਸਿਕ ਵਾਧੂ ਪਾਣੀ ਦੀ ਮੰਗ ਕਿੱਦਾਂ ਪੂਰੀ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਹਿਲਾਂ ਹੀ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਦਾ ਸੰਕਟ ਹਰ ਸਾਲ ਗਹਿਰਾ ਰਿਹਾ ਹੈ ਅਤੇ ਦੂਸਰੇ ਪਾਸੇ ਦਰਿਆਵਾਂ ਵਿਚ ਪਾਣੀ ਦਾ ਵਹਾਅ ਘੱਟ ਹੋਣ ਕਾਰਨ ਸੂਬੇ ਵਿਚ ਪਾਣੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਵੀ ਮੁਸ਼ਕਲ ਹੋਇਆ ਪਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ



ਦੀ ਭਾਜਪਾ ਸਰਕਾਰ ਵਲੋਂ ਹਰਿਆਣਾ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਣੀ ਦੁਆਉਣ ਲਈ ਪੰਜਾਬ ਦੀ ਬਾਂਹ ਮਰੋੜਨੀ ਸੂਬਿਆਂ ਦੇ ਅਖ਼ਤਿਆਰ 'ਤੇ ਸਿੱਧਾ ਹਮਲਾ ਹੈ ਜੋ ਕਿ ਨਾ ਸਹਿਣਯੋਗ ਹੈ। ਆਉਂਦੇ ਝੋਨੇ ਦੇ ਸੀਜ਼ਨ ਦਾ ਹਵਾਲਾ ਦਿੰਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਪੰਜਾਬ ਕੋਲ ਆਪਣੀਆ ਜ਼ਰੂਰਤਾਂ ਤੋਂ ਵੀ ਘੱਟ ਪਾਣੀ ਹੈ ਅਤੇ ਹਰਿਆਣਾ, ਜੋ ਹੁਣ ਤੱਕ ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ, ਨੂੰ ਹੋਰ ਪਾਣੀ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਬੀ.ਬੀ.ਐਮ.ਬੀ. ਵਲੋਂ ਬੋਰਡ ਦੀ ਮੀਟਿੰਗ ਸੱਦ ਕੇ ਗੈਰ-ਕਾਨੂੰਨੀ ਢੰਗ ਨਾਲ ਮਤਾ ਪਾਸ ਕਰਕੇ ਪੰਜਾਬ ਦੇ ਹੱਕਾਂ ਨੂੰ ਬੁਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ ਗਿਆ ਹੈ ਪਰ ਪੰਜਾਬ ਸਰਕਾਰ ਸੂਬੇ ਦਾ ਹੱਕ ਖੋਹਣ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਸਮੇਂ ਸੌੜੇ ਸਿਆਸੀ ਹਿੱਤਾਂ ਨੂੰ ਲਾਂਭੇ ਕਰਦਿਆਂ ਸਾਰੀਆਂ ਪਾਰਟੀਆਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਇਕਜੁੱਟ ਹੋਣਾ ਚਾਹੀਦਾ ਹੈ।

# ਬਸਪਾ ਨੂੰ ਮਜ਼ਬੂਤ ਕਰਨ ਲਈ ਲੁਧਿਆਣਾ ਵਿਖੇ ਬਸਪਾ ਦੀ ਮੀਟਿੰਗ ਹੋਈ

**ਲੁਧਿਆਣਾ( ਚਰਨਜੀਤ ਸੱਲ੍ਹਾ )** ਲੁਧਿਆਣਾ ਪੱਛਮੀ ਵਿਧਾਨਸਭਾ ਹਲਕਾ ਦੇ ਬਾੜੇਵਾਲ ਵਿਖੇ ਬਸਪਾ ਆਗੂ ਹਰਦਿਆਲ ਸਿੰਘ ਜੀ ਦੇ ਨਿਵਾਸ ਤੇ ਦੇਰ ਰਾਤ ਜਿਲਾ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਬਲਵਿੰਦਰ ਜੱਸੀ ਜੀ ਦੀ ਅਗਵਾਈ ਵਿੱਚ ਬਸਪਾ ਦੇ ਜਥੇਬੰਦਕ ਢਾਂਚੇ ਨੂੰ ਮਜਬੂਤ ਕਰਨ ਲਈ ਮੀਟਿੰਗ ਦੌਰਾਨ ਵਿਚਾਰ ਵਿਟਾਂਦਰਾ ਕਰਦੇ ਹੋਏ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਬਲਵਿੰਦਰ ਬਿੱਟਾ ਜੀ ਜੋਨ ਇੰਚਾਰਜ ਲੁਧਿਆਣਾ ਨੇ ਬਸਪਾ ਪੰਜਾਬ ਵਲੋਂ ਪੰਜਾਬ ਸੰਭਾਲੋ ਮੁਹਿੰਮ ਦੇ ਉਦੇਸ਼ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਇਸ ਮੌਕੇ ਤੇ ਲੁਧਿਆਣਾ ਸ਼ਹਿਰੀ ਦੇ ਜਨਰਲ ਸਕੱਤਰ ਸੁਰੇਸ਼ ਕੁਮਾਰ ਸੋਨੂ,





ਜਿਲਾ ਕੈਸ਼ੀਅਰ ਇੰਦਰੇਸ਼ ਤੋਮਰ ਜੀ ਜਿਲਾ ਮੀਡੀਆ ਇੰਚਾਰਜ ਬਿਟੂ ਸ਼ੇਰ ਪੁਰੀ ਜਿਲਾ ਕੋਆਰਡੀਨੇਟਰ ਮੀਨੂੰ ਧੀਰ ਇੰਚਾਰਜ ਲੇਡੀਜ਼ ਵਿੰਗ ਤੋ ਇਲਾਵਾ ਸਾਥੀ ਹਾਜ਼ਰ ਹਨ।

# ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ 3 ਮਈ ਦੀ ਰਾਤ ਨੂੰ ਮਨਾਇਆ ਜਾਵੇਗਾ

**ਬੰਗਾ (ਚਰਨਜੀਤ ਸੱਲ੍ਹਾ )** ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ 3 ਮਈ ਦੀ ਰਾਤ ਨੂੰ ਮਨਾਇਆ ਜਾਵੇਗਾ ਜਿਸ ਵਿੱਚ ਭੈਣੇ ਵਿਨੇ ਥੈਰੋ ਜੀ ਕਨੇਡਾ,ਗੁਰਦਿਆਲ ਬੋਧ ਯੂ, ਕੇ, ਪ੍ਰਵੀਨ ਬੰਗਾ, ਪਰਮਜੀਤ ਸਿੰਘ ਸੋਨੂੰ ਅਤੇ ਮੈਡਮ ਪਰਮਿੰਦਰ ਕੌਰ ਕੰਗਰੌੜ ਜੀ ਬਹੁਜਨ ਸਮਾਜ ਦੇ ਮਿਸ਼ਨ ਵਾਰੇ ਵਿਚਾਰਾਂ ਕਰਨਗੇ। ਆਜ਼ਾਦ ਰੰਗ ਮੰਚ ਕਲਾਂ ਕੇਂਦਰ ਫਗਵਾੜਾ ਵਾਲੇ ਨਾਟਕ ਅਤੇ ਕੋਰੀਓਗਰਾਫੀਆ ਰਾਹੀਂ ਸਮਾਜ ਨੂੰ ਜਾਗਰੂਕ ਕਰਨਗੇ। ਪਿੰਡ ਸੱਲ੍ਹ ਕਲਾਂ ਅਤੇ ਸੱਲ੍ਹ ਖੁਰਦ ਦੇ ਵਿਦਿਆਰਥੀ ਬੱਚਿਆਂ ਨੂੰ ਅਤੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਨੂੰ ਵਿਸ਼ੇਸ਼ ਸਹਿਯੋਗ ਲੈਕਚਰਾਰ ਸੁਭਾਸ਼ ਸੱਤਵੀਂ ਨੇ ਦਿੱਤਾ ਹੈ। ਚਰਨਜੀਤ ਸੱਲ੍ਹਾ ਨੰਬਰਦਾਰ, ਪਰਮਜੀਤ ਸਿੰਘ ਘੋਗੀ, ਹਰਜਿੰਦਰ ਸਿੰਘ ਹੈਪੀ, ਮਹਿੰਦਰ ਪਾਲ ਜੱਸੀ, ਪ੍ਰਿਥੀ ਸਿੰਘ, ਕੁਲਦੀਪ




ਸਿੰਘ ਵਾਲੀਆ, ਸਤਨਾਮ ਸਿੰਘ ਵਾਲੀਆ, ਗੁਰਜਿੰਦਰ ਸਿੰਘ ਗੋਰਾ, ਨਰਿੰਦਰ ਬੰਗਾ, ਜਗਦੀਸ਼ ਦੀਸ ਸਾਬਕਾ ਸਰਪੰਚ,ਪਰਮਜੀਤ ਬੰਗਾ ਮੰਗਾਂ ਭੱਟੀ ਅਤੇ ਜੇਗਾ ਰਾਮ ਜੀ ਦੀ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਪ੍ਰੋਗਰਾਮ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਨੌਜਵਾਨ ਸਭਾ, ਬਾਬਾ ਸਾਹਿਬ ਡਾ ਅੰਬੇਡਕਰ ਕਮੇਟੀ ਅਤੇ ਪਿੰਡ ਸੱਲ੍ਹ ਕਲਾਂ ਸੱਲ੍ਹ ਖੁਰਦ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

# ਭਾਜਪਾ ਸਰਕਾਰ ਪੰਜਾਬ ਨਾਲ ਕਰ ਰਹੀ ਹੈ ਜਬਰਦਸਤੀ, ਪਾਣੀ ਦੀ ਇਕ ਬੂੰਦ ਵੀ ਸਾਂਝੀ ਨਹੀਂ ਕੀਤੀ ਜਾਵੇਗੀ - ਬ੍ਰਹਮ ਸ਼ੰਕਰ ਜਿੰਪਾ

## ਸਥਾਨਕ ਵਿਧਾਇਕ ਨੇ ਭਾਜਪਾ ਦਫ਼ਤਰ ਸਾਹਮਣੇ ਕੀਤਾ ਰੋਸ ਪ੍ਰਦਰਸ਼ਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕੇਂਦਰ ਦੀ ਭਾਜਪਾ ਸਰਕਾਰ ਦੀ ਸ਼ਹਿ 'ਤੇ ਬੀ.ਬੀ.ਐਮ.ਬੀ ਵਲੋਂ ਹਰਿਆਣਾ ਨੂੰ ਜਬਰਨ 8500 ਕਿਊਸਿਕ ਵਾਧੂ ਪਾਣੀ ਛੱਡੇ ਜਾਣ ਦੇ ਫੈਸਲੇ ਦੇ ਵਿਰੋਧ ਵਿਚ ਅੱਜ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦੀ ਅਗਵਾਈ ਵੀ ਲੇਬਰ ਸ਼ੈਡ ਤੋਂ ਭਾਜਪਾ ਦਫ਼ਤਰ ਹੁਸ਼ਿਆਰਪੁਰ ਤੱਕ ਜ਼ੋਰਦਾਰ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਜਿੰਪਾ ਨੇ ਕਿਹਾ ਕਿ ਪੰਜਾਬ ਕੋਲ ਕੇਵਲ ਆਪਣੇ ਹਿੱਸੇ ਦਾ ਹੀ ਪਾਣੀ ਹੈ ਜਿਸ ਨੂੰ ਜਬਰਦਸਤੀ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਭਾਜਪਾ ਵਲੋਂ ਪੰਜਾਬ ਨਾਲ ਕੀਤੀ ਜਾ ਰਹੀ ਜਬਰਦਸਤੀ ਅਤੇ ਅਤਿਆਚਾਰ ਨੂੰ ਤੁਰੰਤ ਰੋਕਿਆ ਜਾਵੇ। ਆਪ ਪਾਰਟੀ ਦੇ ਵਰਕਰਾਂ ਅਤੇ ਵੱਡੀ ਗਿਣਤੀ ਵਿਚ ਮੌਜੂਦ ਨੇਤਾਵਾਂ ਨੇ ਕੇਂਦਰ ਸਰਕਾਰ, ਹਰਿਆਣਾ ਸਰਕਾਰ, ਭਾਜਪਾ ਅਤੇ ਬੀ.ਬੀ.ਐਮ.ਬੀ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਵਿਰੋਧ ਪ੍ਰਗਟ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਹਰਿਆਣਾ ਪਹਿਲੇ ਹੀ



ਆਪਣੇ ਹਿੱਸੇ ਤੋਂ ਵੱਧ ਪਾਣੀ ਲੈ ਚੁੱਕਾ ਹੈ ਅਤੇ ਹੁਣ 8500 ਕਿਊਸਿਕ ਪਾਣੀ ਜ਼ਬਰਦਸਤੀ ਲੈ ਕੇ ਪੰਜਾਬ ਨਾਲ ਬੇਇਨਸਾਫ਼ੀ ਕਰ ਰਿਹਾ ਹੈ ਜਿਸ ਨੂੰ ਪੰਜਾਬ ਸਰਕਾਰ ਵਲੋਂ ਕਦੇ ਵੀ ਸਹਿਨ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਦੀ ਕੇਂਦਰ ਸਰਕਾਰ ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੀਆਂ ਸਰਕਾਰਾਂ ਨਾਲ ਮਿਲ ਕੇ ਪੰਜਾਬ ਅਤੇ ਪੰਜਾਬੀਆਂ ਖਿਲਾਫ਼ ਗਹਿਰੀ ਸਾਜਿਸ਼ ਰਚੀ ਜਾ ਰਹੀ ਹੈ। ਇਸ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ। ਪੰਜਾਬ ਦਾ ਕਿਸਾਨ ਅਤੇ ਉਦਯੋਗ ਬਿਨਾ ਪਾਣੀ ਦੇ ਬਰਬਾਦ ਹੋ ਜਾਵੇਗਾ ਇਸ ਲਈ ਆਪਣੇ ਹੱਕ ਦੇ ਪਾਣੀ 'ਤੇ ਕਿਸੇ ਵੀ ਸੂਰਤ ਵਿਚ ਡਾਕਾ ਨਹੀਂ ਪੈਣ ਦਿੱਤਾ ਜਾਵੇਗਾ। ਵਿਧਾਇਕ ਨੇ ਦੋਸ਼ ਲਗਾਇਆ ਕਿ ਇਹ ਇਕ ਸੋਚੀ-ਸਮਝੀ ਸਾਜਿਸ਼ ਹੈ ਜਿਸ ਤਹਿਤ ਕੇਂਦਰ ਦੀ ਭਾਜਪਾ ਸਰਕਾਰ, ਹਰਿਆਣਾ ਸਰਕਾਰ ਅਤੇ ਬੀ.ਬੀ.ਐਮ.ਬੀ. ਮਿਲ ਕੇ ਪੰਜਾਬ ਦਾ ਪਾਣੀ ਖੋਹਣਾ ਚਾਹੁੰਦੇ ਹਨ ਪਰੰਤੂ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਇਸ ਨੂੰ ਕਦੇ ਵੀ ਸਫ਼ਲ ਨਹੀਂ ਹੋਣ ਦੇਵੇਗੀ।ਅਖੀਰ ਵਿਚ ਉਨ੍ਹਾਂ ਸਪੱਸ਼ਟ ਕਿਹਾ ਕਿ ਪੰਜਾਬ ਦਾ ਪਾਣੀ ਸਾਡੀ ਅਮਾਨਤ ਹੈ ਇਸ ਨੂੰ ਕਿਸੇ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ। ਰਾਜ ਸਰਕਾਰ ਪੰਜਾਬ ਦੇ ਅਧਿਕਾਰਾਂ ਦੀ ਰੱਖਿਆ ਲਈ ਪੂਰੀ ਮਜ਼ਬੂਤ ਨਾਲ ਖੜ੍ਹੀ ਹੈ ਅਤੇ ਭਾਜਪਾ ਦੀ ਜਬਰਦਸਤੀ ਨੂੰ ਕਦੇ ਸਫ਼ਲ ਨਹੀਂ ਹੋਣ ਦੇਵੇਗੀ।

# ਡਰੱਗ ਮਾਫੀਆ ਦੀ ਚੁਗਲ ਵਿੱਚੋਂ ਮੁਕਤ ਕਰਾਉਣਾ ਬਸਪਾ ਦਾ ਕੰਮ : ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ







**ਕਰਤਾਰਪੁਰ( ਚਰਨਜੀਤ ਸੱਲ੍ਹਾ )** ਪਿੰਡ ਕਾਲਾਬਾਹੀਆ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮਦਿਨ ਤੇ ਪੰਜਾਬ ਸੰਭਾਲੋ ਰੈਲੀ ਕੀਤੀ ਗਈ ਜਿਸ ਵਿੱਚ ਸੰਗਤਾਂ ਨੂੰ ਪੰਜਾਬ ਸੰਭਾਲੋ ਰੈਲੀ ਦਾ ਹਿੱਸਾ ਬਣਨੇ ਲਈ ਪੰਜਾਬ ਸੰਭਾਲੋ ਮਹਿਮ ਨੂੰ ਆਸ਼ੀਰਵਾਦ ਦੇਣ ਲਈ ਇਸ ਮਹਿਮ ਦੀ ਸ਼ਕਤੀ ਬਣਨ ਲਈ ਸੱਦਾ ਦਿੱਤਾ ਗਿਆ ਤਾਂ ਕਿ ਪੰਜਾਬ ਨੂੰ ਡਰੱਗ ਮਾਫੀਏ ਦੀ ਚੁੰਗਲ ਚੋਂ ਮੁਕਤ ਕਰਵਾਇਆ ਜਾ ਸਕੇ ਪੰਜਾਬ ਦੀਆਂ ਮਾਵਾਂ ਦੇ ਪੁੱਤ ਬਚਾਏ ਜਾ ਸਕਣ ਭੈਣਾਂ ਦੇ ਭਰਾ ਬਚਾਏ ਜਾ ਸਕਣ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਪੰਜਾਬ ਨੂੰ ਕਰਜੇ ਦੇ ਬੋਝ ਥੱਲੇ ਕੱਢਿਆ ਜਾ ਸਕੇ ਪੰਜਾਬ ਦੇ ਸਕੂਲਾਂ ਚ 100% ਅਧਿਆਪਕ ਦੇ ਕੇ ਸਹੀ ਮਾਇਨਿਆਂ ਵਿੱਚ ਸਿੱਖਿਆ ਕ੍ਰਾਂਤੀ ਕੀਤੀ ਜਾ ਸਕੇ ਮੁਫਤ ਅਤੇ ਲਾਜਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨਾ ਕਿਰਤੀ ਕਾਮੇ ਕਿਸਾਨ ਵਪਾਰੀ ਦੁਕ-ਾਨਦਾਰ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਇਸ ਕਰਕੇ ਪੰਜਾਬੀਆਂ ਨੂੰ ਪੰਜਾਬ ਦੇ ਦਰਦਮੰਦਾਂ ਨੂੰ ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਗਿਆ ਕਿ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦੇਣ ਲਈ ਪੰਜਾਬ ਚ ਸੰਭਾਲੋ ਮਹਿਮ ਦੀ ਸ਼ਕਤੀ ਬਣੋ ਇਹ ਸ਼ਬਦ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਦੇ ਹਨ ਇਹਨਾਂ ਦੇ ਨਾਲ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਕਰਤਾਰਪੁਰ ਦੀ ਬਸਪਾ ਦੀ ਪੂਰੀ ਦੀ ਪੂਰੀ ਟੀਮ ਹਾਜ਼ਰ ਸੀ।

# ਪੰਜਾਬ ਸੰਭਾਲੋ ਮੁਹਿੰਮ ਨੂੰ ਤਾਕਤਵਰ ਬਣਾਉਣ ਲਈ ਅੱਗੇ ਆਓ : ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ





**ਫਗਵਾੜਾ (ਚਰਨਜੀਤ ਸੱਲ੍ਹਾ )** ਪਿੰਡ ਜਗਤਪੁਰ ਜੱਟਾਂ ਵਿਧਾਨ ਸਭਾ ਹਲਕਾ ਫਗਵਾੜਾ ਦੇ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮਦਿਨ ਤੇ ਪੰਜਾਬ ਸੰਭਾਲੋ ਰੈਲੀ ਕੀਤੀ ਗਈ ਜਿਸ ਵਿੱਚ ਸੰਗਤਾਂ ਨੂੰ ਪੰਜਾਬ ਸੰਭਾਲੋ ਰੈਲੀ ਦਾ ਹਿੱਸਾ ਬਣਨੇ ਲਈ ਪੰਜਾਬ ਸੰਭਾਲੋ ਮਹਿਮ ਨੂੰ ਆਸ਼ੀਰਵਾਦ ਦੇਣ ਲਈ ਇਸ ਮਹਿਮ ਦੀ ਸ਼ਕਤੀ ਬਣਨ ਲਈ ਸੱਦਾ ਦਿੱਤਾ ਗਿਆ ਤਾਂ ਕਿ ਪੰਜਾਬ ਨੂੰ ਡਰੱਗ ਮਾਫੀਏ ਦੀ ਚੁੰਗਲ ਚੋਂ ਮੁਕਤ ਕਰਵਾਇਆ ਜਾ ਸਕੇ ਪੰਜਾਬ ਦੀਆਂ ਮਾਵਾਂ ਦੇ ਪੁੱਤ ਬਚਾਏ ਜਾ ਸਕਣ ਭੈਣਾਂ ਦੇ ਭਰਾ ਬਚਾਏ ਜਾ ਸਕਣ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਪੰਜਾਬ ਨੂੰ ਕਰਜੇ ਦੇ ਬੋਝ ਥੱਲੇ ਕੱਢਿਆ ਜਾ ਸਕੇ ਪੰਜਾਬ ਦੇ ਸਕੂਲਾਂ ਚ 100% ਅਧਿਆਪਕ ਦੇ ਕੇ ਸਹੀ ਮਾਇਨਿਆਂ ਵਿੱਚ ਸਿੱਖਿਆ ਕ੍ਰਾਂਤੀ ਕੀਤੀ ਜਾ ਸਕੇ ਮੁਫਤ ਅਤੇ ਲਾਜਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨਾ ਕਿਰਤੀ ਕਾਮੇ ਕਿਸਾਨ ਵਪਾਰੀ ਦੁਕਾਨਦ-ਾਰ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕੱਢਣਾ ਇਸ ਕਰਕੇ ਪੰਜਾਬੀਆਂ ਨੂੰ ਪੰਜਾਬ ਦੇ ਦਰਦਮੰਦਾਂ ਨੂੰ ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਗਿਆ ਕਿ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦੇਣ ਲਈ ਪੰਜਾਬ ਚ ਸੰਭਾਲੋ ਮਹਿਮ ਦੀ ਸ਼ਕਤੀ ਬਣੋ ਇਹ ਸ਼ਬਦ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਨੇ ਕਹੇ । ਇਸ ਮੌਕੇ ਤੇ ਫਗਵਾੜਾ ਚਰਨਜੀਤ ਸਿੰਘ ਪ੍ਰਧਾਨ ਬਸਪਾ ਫਗਵਾੜਾ, ਹਰਭਜਨ ਸਿੰਘ ਬਲਾਲੋ ਜਨਰਲ ਸਕੱਤਰ ਬਸਪਾ ਪੰਜਾਬ, ਬਸਰਾ ਉਪ ਪ੍ਰਧਾਨ ਐਮ ਸੀ, ਅਮਨਦੀਪ ਐਮ ਸੀ ਫਗਵਾੜਾ,ਲੇਖ ਰਾਜ ਜਮਾਲਪੁਰੀ ਜਰਨਲ ਸਕੱਤਰ ਅਤੇ ਬਸਪਾ ਦੀ ਫਗਵਾੜਾ ਟੀਮ ਹਾਜ਼ਰ ਸਨ ਅਤੇ ਪ੍ਰਿਆ ਬੰਗਾ ਜੀ ਨੇ ਆਪਣੇ ਮਿਸ਼ਨਰੀ ਪ੍ਰੋਗਰਾਮ ਨੂੰ ਚਾਂਦ ਚੰਨ ਲਾਏ ।

# ਮਰਹੂਮ ਗੀਤਕਾਰ ਅਲਮਸਤ ਦੇਸਰਪੁਰੀ ਦੀ ਯਾਦ ਚ ਸੱਭਿਆਚਾਰਕ ਮੇਲਾ ਸੰਪੰਨ





**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਸਾਗਰ ਦੇਸਰਪੁਰੀ ਜੀ ਨੇ ਦੱਸਿਆ ਫ਼ਕੀਰ ਸ਼ਾਇਰ ਅਲਮਸਤ ਦੇਸਰਪੁਰੀ ਜੀ ਸਕੂਲ ਪੜ੍ਹਦੇ ਸਮੇ ਖ਼ੂਬਸੂਰਤ ਗੀਤ ਅਤੇ ਕਵਿਤਾਵਾਂ ਤੇ ਸੂਫ਼ੀ ਗੀਤ ਲਿਖਦੇ ਸੀ। ਇਹ ਸਫ਼ਰ ਚੱਲਦੇ ਚੱਲਦੇ ਅਲਮਸਤ ਦੇਸਰਪੁਰੀ ਜੀ ਦਾ ਫ਼ਕੀਰਾਂ ਦੇ ਨਾਲ ਵੀ ਬਹੁਤ ਜ਼ਿਆਦਾ ਰੁਝਾਨ ਸੀ ਕਿਉਂਕਿ ਉਹ ਖ਼ੁਦ ਇਸ ਸੂਫ਼ੀ ਸ਼ਾਇਰ ਸੀ । ਇਹ ਸਫ਼ਰ ਚੱਲਦੇ ਚੱਲਦੇ ਅਲਮਸਤ ਦੇਸਰਪੁਰੀ ਜੀ ਨੇ ਬਾਬਾ ਮੁਰਾਦ ਸ਼ਾਹ ਪਿੰਡ ਜੱਲੋਵਾਲ ਦਰਬਾਰ ਬਾਬਾ ਰੋਡੇ ਸ਼ਾਹ ਜੀ ਦੇ ਨਾਲ ਗੁਰੂ ਧਾਰਨਾ ਕਰ ਲਈ। ਜਿਸ ਕਰਕੇ ਪਿਤਾ ਜੀ ਦੇ ਨਾਮ ਨਾਲ ਫ਼ਕੀਰ ਵੀ ਜੁੜ ਗਿਆ । ਮੇਰੇ ਪਿਤਾ ਅਲਮਸਤ ਦੇਸਰਪੁਰੀ ਜੀ ਨੇ ਬਹੁਤ ਮਿਹਨਤ ਕੀਤੀ, ਜਿਹਦੀ ਬਦੌਲਤ ਅੱਜ ਅਸੀਂ ਪੂਰਾ ਪਰਿਵਾਰ ਤਰੱਕੀ ਪ੍ਰਾਪਤ ਕਰ ਸਕੇ ਤੇ ਮੈਂ ਤੇ ਮੇਰਾ ਪੂਰਾ ਪਰਿਵਾਰ ਗ੍ਰੀਸ ਦੀ ਧਰਤੀ ਤੇ ਵੱਸ ਰਿਹਾ ਹਾਂ । ਅਸੀਂ ਆਪਣੇ ਪਿਤਾ ਜੀ ਨੂੰ ਅਲੱਗ ਅਲੱਗ ਅਵਾਜ਼ਾਂ ਦੇ ਜ਼ਰੀਏ ਗੀਤਾਂ ਚ ਓਹਨਾਂ ਦਾ ਨਾਮ ਸੁਣਦੇ ਰਹੇ ਤੇ ਜਿਹਦੇ ਨਾਲ ਸਾਡੇ ਮਨ ਵਿੱਚ ਓਹਨਾਂ ਦਾ ਪਿਆਰ ਸਤਿਕਾਰ ਹੋਰ ਵਧਦਾ ਗਿਆ । ਪਹਿਲਾ ਬਰਸੀ ਮੇਲਾ ਸਾਡੇ ਆਪਣੇ ਪਿੰਡ ਦੇਸਰਪੁਰ ਦੀ ਕਲੋਨੀ ਦੇ ਵਿੱਚ ਜਿੱਥੇ ਓਹਨਾਂ ਦੀ ਦਰਗਾਹ ਬਣਾਈ ਗਈ, ਉਥੇ ਕਰਵਾਇਆ ਗਿਆ ਸੀ। ਪਰ ਜਗ੍ਹਾ ਘੱਟ ਹੋਣ ਕਾਰਨ ਇਹ ਮੇਲਾ ਅਸੀਂ ਆਪਣੇ ਪਿੰਡ ਸਰਕਾਰੀ ਸਕੂਲ ਵਿਖੇ ਆਪਣੇ ਪਿੰਡ ਦੀ ਨਗਰ ਪੰਚਾਇਤ ਦੇ ਸਹਿਯੋਗ ਨਾਲ ਕਰਵਾਉਂਦੇ ਹਾਂ। ਇਸ ਮੇਲੇ ਵਿਚ ਅਲੱਗ ਅਲੱਗ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਫ਼ਕੀਰ ਲੋਕ ਵੀ ਪਹੁੰਚਦੇ ਹਨ। ਪਿੰਡ ਜੱਲੋਵਾਲ ਤੋਂ ਪਹੁੰਚੇ ਦਰਬਾਰ ਦੇ ਮੁੱਖ ਸੇਵਾਦ-ਾਰ ਬਾਬਾ ਕੁਲਵਿੰਦਰ ਸ਼ਾਹ ਜੀ ਦਰਬਾਰ ਬਾਬਾ ਰੋਡੇ ਸ਼ਾਹ ਜੀ ਤੋਂ ਸੰਗੀਤਕਾਰ ਤੇ ਪੱਤਰਕਾਰ ਵੀ ਪਹੁੰਚਦੇ ਹਨ । ਪੰਜਾਬ ਦੇ ਬਹੁਤ ਸਾਰੇ ਮਸ਼ਹੂਰ ਕਲਾਕਾਰ ਆਪਣੀ ਆਵਾਜ਼ ਜ਼ਰੀਏ ਪਿਤਾ ਜੀ ਨੂੰ ਸ਼ਰਧਾ ਦੇ ਫ਼ੁੱਲ ਭੇਂਟ ਕਰਦੇ ਹਨ। ਮੇਲਿਆਂ ਦਾ ਬਾਦਸ਼ਾਹ ਮਸ਼ਹੂਰ ਗਾਇਕ ਦਲਵਿੰਦਰ ਦਿਆਲਪੁਰੀ , ਗਾਇਕ ਅਮਰੀਕ ਮਾਈਕਲ , ਆਰਤੀ ਅਨਮੋਲ ਚੰਡੀਗੜ੍ਹ , ਮਨਜੀਤ ਸੈਰਾ , ਟੀਨਾ ਸਿੰਘ, ਰਾਜਿੰਦਰ ਰਾਜਨ, ਰਾਣਾ ਫੋਲੜੀਵਾਲ, ਓਮਜੀਤ ਓਮੀ , ਮਨੀ ਕੋਟਲੀ , ਸਮੀਰ ਸਨੀ , ਡਾ. ਵਿਜੇ ਪੌਲ ਦੋਲੀਕੇ , ਅਮਰੀਕ ਬੱਲ ਤੇ ਮਨਜੀਤ ਸੋਨੀਆ ਅਤੇ ਮੰਚ ਸੰਚਾਲਕ ਰਾਹੁਲ ਲਹਿਰੀ ਤੇ ਸਾਬੀ ਬਰਾੜ ਬਹੁਤ ਵਧੀਆ ਸਟੇਜ ਦੀ ਭੂਮਿਕਾ ਨਿਭਾ ਕੇ ਗਏ । ਇਸ ਮੇਲੇ ਵਿੱਚ ਪਿੰਡ ਦੇ ਸਰਪੰਚ ਪਰਮਜੀਤ ਸਿੰਘ ਪੰਮਾ , ਪਿੰਡ ਤੇ ਨਗਰ ਪੰਚਾਇਤ ਦਾ ਬਹੁਤ ਸਹਿਯੋਗ ਮਿਲਦਾ । ਮੇਰੇ ਵਾਪਸ ਪ੍ਰਦੇਸ਼ ਜਾਣ ਤੋਂ ਬਾਅਦ ਮੇਰਾ ਬਹੁਤ ਹੀ ਪਿਆਰਾ ਛੋਟਾ ਭਰਾ ਸੋਨੂੰ ਦੇਸਰਪੁਰੀ ਆਪਣੇ ਪਰਿਵਾਰ ਸਮੇਤ ਜਿੰਨੇ ਵੀ ਪਿਤਾ ਜੀ ਦੇ ਅਲਮਸਤ ਦੇਸਰਪੁਰੀ ਜੀ ਨੂੰ ਪਿਆਰ ਕਰਨ ਵਾਲਿਆਂ ਦਾ ਬਹੁਤ ਧਿਆਨ ਰੱਖਦੇ ਹਨ। ਦੇਸਰਪੁਰੀ ਜੀ ਦੇ ਸਾਰੇ ਪਰਿਵਾਰ ਵਲੋਂ ਬਹੁਤ ਧੰਨਵਾਦ ਹੈ ਜਿਨ ਕਲਾਕਾਰਾਂ ਗੀਤਕਾਰਾਂ ਸੰਗੀਤਕਾਰਾਂ ਪੱਤਰਕਾਰਾਂ ਅਤੇ ਕਲਾ ਯਾਦ ਤੇ ਦੇ ਪ੍ਰੇਮੀਆਂ ਨੇ ਉਹਨਾਂ ਦੀ ਯਾਦ ਵਿੱਚ ਇਕੱਤਰ ਹੋ ਕੇ ਸੱਭਿਆਚਾਰ ਮੇਲੇ ਦੇ ਰੂਪ ਵਿੱਚ ਸ਼ਰਧਾ ਦੇ ਫੁੱਲ ਲਗਭਗ ਕੀਤੇ।

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕੰਢੀ ਖੇਤਰ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕੰਢੀ ਖੇਤਰ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਪੰਚਾਇਤਾਂ ਦੀ ਸਾਂਝੀ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਚੱਲ ਰਹੇ ਵਿਕਾਸ ਕਾਰਜਾਂ ਦੀ ਰਫ਼ਤਾਰ ਵਿਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਡਾ ਕੰਢੀ ਇਲਾਕੇ ਦੇ ਕਈ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਬਾਰੇ ਜਾਣਕਾਰੀ ਲੈਂਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਪਾਣੀ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਜਿਥੇ ਲੋੜ ਹੈ ਉਥੇ ਪਾਈਪਾਂ/ਮੋਟਰਾਂ ਆਦਿ ਦੀ ਲੋੜੀਂਦੀ ਮੁਰੰਮਤ ਦੀ ਵੀ ਹਦਾਇਤ ਕੀਤੀ। ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੋਂ ਰਿਟੇਨਿੰਗ ਵਾਲ ਦਾ ਜਾਇਜ਼ਾ ਲੈਂਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਬਰਸਾਤ ਦੇ ਮੌਸਮ ਤੋਂ ਪਹਿਲਾਂ-ਪਹਿਲਾਂ ਸੁਰੱਖਿਆ ਦੇ ਮੱਦੇਨਜ਼ਰ ਸੜਕਾਂ ਦੇ ਆਲੇ-ਦੁਆਲੇ ਇਹ



ਕੰਧਾਂ ਬਣਾਏ ਜਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ਤੋਂ ਦਰੱਖਤਾਂ ਦੀ ਕਟਾਈ ਲਈ ਨਿਰਧਾਰਤ ਨੀਤੀ ਅਨੁਸਾਰ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਿਯਮਾਂ ਮੁਤਾਬਿਕ ਲੋੜੀਂਦੀ ਗਿਣਤੀ ਵਿਚ ਨਵੀਂ ਥਾਂ 'ਤੇ ਬੂਟੇ ਲਾਉਣ ਨੂੰ ਵੀ ਹਰ ਹਾਲ ਯਕੀਨੀ ਬਣਾਇਆ ਜਾਵੇ। ਢੋਲਵਾਹਾ, ਜਨੌੜੀ ਅਤੇ ਇਸ ਦੇ ਨਾਲ ਲੱਗਦੇ ਪਿੰਡਾਂ ਦੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਦੀ ਸਹੂਲਤ ਲਈ ਡਾ. ਰਵਜੋਤ ਸਿੰਘ ਨੇ ਪੰਜਾਬ ਰੋਡਵੇਜ ਅਤੇ ਟਰਾਂਸਪੋਰਟ ਵਿਭਾਗ ਦੇ ਅਮਲੇ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਖੇਤਰਾਂ ਵਿਚ ਬੱਸ ਅੱਡਿਆਂ 'ਤੇ ਬੱਸਾਂ ਨੂੰ ਰੋਕਣ ਲਈ ਸਬੰਧਤ ਕਰਮਚਾਰੀਆਂ ਨੂੰ ਪਾਬੰਦ ਕੀਤਾ ਜਾਵੇ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸਹੂਲਤ ਰੋਡਵੇਜ ਦੀਆਂ ਬੱਸਾਂ ਦੇ ਨਵੇਂ ਟਾਈਮ ਸ਼ੁਰੂ ਕਰਨ ਦੇ ਨਾਲ-ਨਾਲ ਪ੍ਰਾਈਵੇਟ ਬੱਸਾਂ ਨੂੰ ਵੀ ਰੁਕਣ ਲਈ ਵੀ ਅਧਿਕਾਰੀਆਂ ਨੂੰ ਨਿਦੇਸ਼ ਦਿੱਤੇ। ਪਿੰਡਾਂ ਵਿਚ ਬਣਾਏ ਜਾ ਰਹੇ ਅੰਮ੍ਰਿਤ ਸਰੋਵਰ ਪ੍ਰੋਜੈਕਟਾਂ ਦੀ ਸਮੀਖਿਆ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਇਸ ਕੰਮ ਵਿਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਪਿੰਡਾਂ ਦੇ ਵਸਨੀਕਾਂ ਨੂੰ ਇਸ ਸਕੀਮ ਦਾ ਲਾਭ ਮਿਲ ਸਕੇ। ਉਨ੍ਹਾਂ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪੰਚਾਇਤੀ ਜ਼ਮੀਨਾਂ ਦੇ ਪੈਂਡਿੰਗ ਪਏ ਇੰਤਕਾਲਾਂ ਨੂੰ ਮੁਕੰਮਲ ਕਰਨ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕੀਤਾ ਜਾਵੇ ਅਤੇ ਤਹਿਸੀਲਾਂ ਵਿਚ ਸਰਕਾਰੀ ਫੀਸ ਵਾਲੇ ਬੋਰਡ ਪ੍ਰਮੁੱਖ ਸਥਾਨਾਂ 'ਤੇ ਲਾਏ ਜਾਣ ਤਾਂ ਜੋ ਲੋਕਾਂ ਨੂੰ ਪੂਰੀ ਜਾਣਕਾਰੀ ਹੋ ਸਕੇ।

ਸਮਾਜ ਵੀਕਲੀ ਨਿਊਜ਼

# ਇਫਟੂ ਵਲੋਂ ਮਜਦੂਰ ਦਿਹਾੜੇ 'ਤੇ ਵਿਸ਼ਾਲ ਕਾਨਫਰੰਸ







**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ)ਵਲੋਂ ਕੌਮਾਂਤਰੀ ਮਜਦੂਰ ਦਿਵਸ ਮੌਕੇ ਮਜਦੂਰ ਸੰਮੇਲਨ ਕੀਤਾ ਗਿਆ।ਸ਼ਹਿਰ ਵਿਚ ਮੁਜਾਹਰਾ ਕਰਨ ਉਪਰੰਤ ਵਿਸ਼ਵਕਰਮਾ ਮੰਦਰ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਵਿਸ਼ਾਲ ਮਜਦੂਰ ਸੰਮੇਲਨ ਕੀਤਾ ਗਿਆ।ਜਥੇਬੰਦੀ ਦੇ ਲਾਲ ਝੰਡਿਆਂ ਨਾਲ ਸਜੇ ਪੰਡਾਲ ਵਿਚ ਮਜਦੂਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮਈ ਦਿਵਸ ਦੇ ਸ਼ਹੀਦ ਪੂੰਜੀਵਾਦ ਨੂੰ ਨਫ਼ਰਤ ਕਰਦੇ ਸਨ ਕਿਉਂਕਿ ਇਹ ਕੁਝ ਲੋਕਾਂ ਦੁਆਰਾ ਬਹੁਤ ਸਾਰੇ ਲੋਕਾਂ ਦੇ ਸ਼ੋਸ਼ਣ 'ਤੇ ਅਧਾਰਤ ਹੈ ਅਤੇ ਸਮਾਜਵਾਦ ਦੀ ਵਕਾਲਤ ਕਰਦੇ ਸਨ ਕਿਉਂਕਿ ਇਹ ਹਰੇਕ ਮਨੁੱਖ ਦੀ ਭਲਾਈ ਨੂੰ ਸੁਰੱਖਿਅਤ ਕਰ ਸਕਦਾ ਹੈ। ਇਹਨਾਂ ਸ਼ਹੀਦਾਂ ਵੱਲੋਂ ਪੂੰਜੀਵਾਦ ਦੇ ਬਦਲ ਵਜੋਂ ਸਮਾਜਵਾਦ ਲਈ ਦਿੱਤਾ ਗਿਆ ਸੱਦਾ ਅਜੋਕੇ ਪੂੰਜੀਵਾਦ ਦੇ ਸੰਸਾਰ ਵਿੱਚ ਬਹੁਤ ਸਾਰਥਕ ਹੈ, ਜਿੱਥੇ ਪੂੰਜੀਵਾਦ ਵਿਸ਼ਾਲ ਲੋਕਾਂ ਦੀ ਗਰੀਬੀ, ਵੱਧ ਰਹੀ ਬੇਰੁਜ਼ਗਾਰੀ ਅਤੇ ਸਮਾਜ ਵਿੱਚ ਅਸਮਾਨਤਾਵਾਂ ਦਾ ਕਾਰਨ ਬਣ ਰਿਹਾ ਹੈ। ਆਗੂਆਂ ਨੇ ਕਿਹਾ ਕਿ ਚੋਟੀ ਦੇ ਦਸ ਪ੍ਰਤੀਸ਼ਤ ਅਮੀਰਾਂ ਕੋਲ 80% ਦੇ ਕਰੀਬ ਦੌਲਤ ਹੈ ਦੌਲਤ ਹੈ, ਜਦੋਂ ਕਿ 60% ਲੋਕ ਸਿਰਫ 4% ਦੌਲਤ ਦੇ ਮਾਲਕ ਹਨ। ਦੇਖਿਆ ਜਾਵੇ ਤਾਂ, ਚਾਰ ਲੇਬਰ ਕੋਡ, ਜੇਕਰ ਲਾਗੂ ਕੀਤੇ ਜਾਂਦੇ ਹਨ, ਤਾਂ ਬੇਰੁਜ਼ਗਾਰੀ ਵਧੇਗੀ ਅਤੇ ਨੌਕਰੀਆਂ ਦੇ ਨੁਕਸਾਨ ਵਿੱਚ ਹੋਰ ਵਾਧਾ ਕਰਨਗੇ ਕਿਉਂਕਿ ਪ੍ਰਬੰਧਕਾਂ ਨੂੰ ਭਰਤੀ ਅਤੇ ਛਾਂਟੀ ਦੀ ਆਗਿਆ ਦੇ ਕੇ ਛਾਂਟੀ ਅਤੇ ਤਾਲਾਬੰਦੀ ਵਿੱਚ ਢਿੱਲ ਦਿੱਤੀ ਗਈ ਹੈ ਇਸ ਨਾਲ ਮਜ਼ਦੂਰਾਂ ਦੀ ਖਰੀਦ ਸ਼ਕਤੀ 'ਚ ਹੋਰ ਗਿਰਾਵਟ ਆਉਣ ਨਾਲ ਬਾਜ਼ਾਰ 'ਚ ਮੰਗ ਹੋਰ ਵੀ ਘੱਟ ਜਾਵੇਗੀ, ਜਿਸ ਦਾ ਅਰਥਚਾਰੇ 'ਤੇ ਹੋਰ ਮਾੜਾ ਅਸਰ ਪਵੇਗਾ। ਆਰਐਸਐਸ-ਭਾਜਪਾ ਸਰਕਾਰ ਜਨਤਕ ਜਾਇਦਾਦ ਨੂੰ ਨਿੱਜੀ ਹੱਥਾਂ ਵਿੱਚ ਵੇਚਣ ਦੀ ਆਪਣੀ ਵਚਨਬੱਧਤਾ ਦਾ ਐਲਾਨ ਕਰਦੀ ਰਹੀ ਹੈ। ਜਨਤਕ ਖੇਤਰ ਦੇ ਉਦਯੋਗ ਅਤੇ ਜਨਤਕ ਖੇਤਰ ਦੇ ਬੈਂਕ ਪਹਿਲਾਂ ਹੀ ਨਿੱਜੀਕਰਨ ਦੀ ਤਲਵਾਰ ਹੇਠ ਹਨ। ਐਲ ਆਈ ਸੀ ਵਿਨਿਵੇਸ਼ ਲਈ ਤਿਆਰ ਹੈ। ਸਰਕਾਰ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਈ ਜਨਤਕ ਖੇਤਰ ਮੁਨਾਫਾ ਕਮਾ ਰਹੇ ਹਨ ਅਤੇ ਸਰਕਾਰ ਨੂੰ ਟੈਕਸ ਅਤੇ ਲਾਭਅੰਸ਼ ਦੀ ਵੱਡੀ ਰਕਮ ਅਦਾ ਕਰ ਰਹੇ ਹਨ। ਸਰਕਾਰ ਨਿੱਜੀਕਰਨ ਨੂੰ ਉਸੇ ਤਰ੍ਹਾਂ ਪਿਆਰ ਕਰਦੀ ਹੈ ਜਿਵੇਂ



ਉਹ ਅਡਾਨੀਆਂ ਅਤੇ ਅੰਬਾਨੀਆਂ ਨੂੰ ਪਿਆਰ ਕਰਦੀ ਹੈ। ਇਹ ਮਈ ਦਿਵਸ ਅਜਿਹੇ ਸਮੇਂ ਆਇਆ ਹੈ ਜਦੋਂ ਕਿਰਤੀ ਵਰਗ ਅਤੇ ਆਮ ਲੋਕ ਡੀਜ਼ਲ, ਗੈਸ ਵਰਗੀਆਂ ਤੇਲ ਦੀਆਂ ਕੀਮਤਾਂ ਸਮੇਤ ਹੋਰ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਹੇਠ ਦੱਬੇ ਜਾ ਰਹੇ ਹਨ। ਇਨ੍ਹਾਂ ਵਸਤਾਂ ਦੀ ਕੀਮਤ ਦਾ ਵੱਡਾ ਹਿੱਸਾ ਟੈਕਸਾਂ ਦਾ ਹੈ ਜੋ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਜੇਬਾਂ ਵਿੱਚ ਜਾਂਦਾ ਹੈ। ਟਰਾਂਸਪੋਰਟ ਕਾਮਿਆਂ, ਆਟੋ ਵਰਕਰਾਂ ਨੂੰ ਭਾਰੀ ਤਣਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ,ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਬਛੌੜੀ, ਆਸ਼ਾ ਵਰਕਰ ਅਤੇ ਫੈਸਲੀਟੇਟਰ ਯੂਨੀਅਨ ਦੀ ਜਿਲਾ ਪ੍ਰਧਾਨ ਸ਼ਕੁੰਤਲਾ ਸਰੋਏ ਨੇ ਕਿਹਾ ਕਿ ਅੱਜ ਕੌਮੀ ਪੱਧਰ ਅਤੇ ਕੌਮਾਂਤਰੀ ਪੱਧਰ ਉੱਤੇ ਕਿਰਤੀ ਵਰਗ ਅੱਗੇ ਬੜੀਆਂ ਵੱਡੀਆਂ ਚਣੌਤੀਆਂ ਹਨ।ਮੋਦੀ ਸਰਕਾਰ ਨੇ ਪਹਿਲੇ ਮਜਦੂਰ ਪੱਖੀ ਕਿਰਤ ਕਾਨੂੰਨ ਰੱਦ ਕਰਕੇ ਮਜਦੂਰ ਵਿਰੋਧੀ ਅਤੇ ਪੂੰਜੀਪਤੀ ਪੱਖੀ ਚਾਰ ਕਿਰਤ ਕੋਡ ਲਿਆਂਦੇ ਹਨ ਜੋ ਕਿਰਤੀ ਵਰਗ ਉੱਤੇ ਮੋਦੀ ਸਰਕਾਰ ਦਾ ਬਹੁਤ ਵੱਡਾ ਹਮਲਾ ਹੈ।ਦੇਸ਼ ਵਿਚ ਕੰਮ ਸਥਾਨਾਂ ਦੀ ਅਸੁਰੱਖਿਆ ਨਿੱਤ ਮਜਦੂਰਾਂ ਦੀਆਂ ਜਾਨਾਂ ਲੈ ਰਹੀ ਹੈ।ਮਾਲਕਾਂ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬਾ ਸਰਕਾਰਾਂ ਮਾਲਕਾਂ ਦੀ ਪਿੱਠ ਥਾਪੜ ਰਹੀਆਂ ਹਨ।ਇਹ ਸਰਕਾਰਾਂ ਕਿਰਤੀਆਂ, ਕਿਸਾਨਾਂ, ਮੁਲਾਜਮਾ ਦੇ ਪੁਰਅਮਨ ਰੈਲੀਆਂ, ਧਰਨਿਆਂ ਅਤੇ ਮੁਜਾਹਰਿਆਂ ਉੱਤੇ ਫਾਸ਼ੀਵਾਦੀ ਹੱਲੇ ਬੋਲ ਰਹੀਆਂ ਹਨ।ਸਰਕਾਰਾਂ ਲੋਕਾਂ ਵਿਚ ਧਾਰਮਿਕ ਜਨੂੰਨ ਭੜਕਾ ਕੇ ਉਹਨਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾ ਕੇ ਪੂੰਜੀਪਤੀਆਂ ਦੀ ਸੇਵਾ ਕਰ ਰਹੀਆਂ ਹਨ।ਮਹਿੰਗਾਈ ,ਬੇਰੁਜ਼ਗਾਰੀ ,ਭ੍ਰਿਸ਼ਟਾਚਾਰ ਤੋਂ ਦੁਖੀ ਆਮ ਜਨਤਾ ਕਰਾਹ ਰਹੀ ਹੈ।ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਜਮਹੂਰੀ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਖੁਦ ਹੀ ਪੈਰਾਂ ਹੇਠ ਦਰੜ ਰਹੀਆਂ ਹਨ। ਇਸ ਮੌਕੇ ਡੀ.ਟੀ.ਐਫ ਦੇ ਜਿਲਾ ਪ੍ਰਧਾਨ ਜਸਵਿੰਦਰ ਔਜਲਾ, ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਨਾਵਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਔੜ ਦੇ ਪ੍ਰਧਾਨ ਡਾਕਟਰ ਅਸ਼ੋਕ ਸ਼ਰਮਾ,ਰੇਹੜੀ ਵਰਕਰ ਯੂਨੀਅਨ ਦੇ ਆਗੂ ਗੋਪਾਲ ਅਤੇ ਕਿਸ਼ੋਰ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਨਵਾਂਸ਼ਹਿਰ ਦੇ ਪ੍ਰਧਾਨ ਸ਼ਿਵ ਨੰਦਨ ਨੇ ਵੀ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਮਾਨ ਸਰਕਾਰ ਲੋਕਾਂ ਨਾਲ ਚੋਣਾਂ ਵਿਚ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ ਅਤੇ ਇਸਦੇ ਲਈ ਨਵੇਂ ਨਵੇਂ ਬਹਾਨੇ ਤਲਾਸ਼ ਰਹੀ ਹੈ। ਉਹਨਾਂ ਕਿਹਾ ਕਿ ਮਈ ਦਿਵਸ 'ਤੇ ਮਜ਼ਦੂਰ ਜਮਾਤ 'ਤੇ ਹੋ ਰਹੇ ਹਮਲਿਆਂ ਦਾ ਟਾਕਰਾ ਕਰਨ ਅਤੇ ਹੱਕਾਂ ਦੀ ਰਾਖੀ ਅਤੇ ਨੌਕਰੀਆਂ ਦੀ ਰਾਖੀ ਲਈ ਜਨਤਕ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ।ਇਸ ਮੌਕੇ ਆਜ਼ਾਦ ਕਲਾ ਮੰਚ ਫਗਵਾੜਾ ਵਲੋਂ ਬੀਬਾ ਕੁਲਵੰਤ ਕੌਰ ਦੀ ਨਿਰਦੇਸ਼ਨਾ ਹੇਠ ' ਦ ਗ੍ਰੇਟ ਅੰਬੇਡਕਰ' ਨਾਟਕ ਖੇਡਿਆ ਗਿਆ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।

## ਬਦਲ ਰਹੀ ਫ਼ਿਤਰਤ

ਕਿਸੇ ਨੂੰ ਅੱਗੇ ਵਧਦਾ ਵੇਖ ,
ਗੁਆਂਢੀ ਜਰਦਾ ਨਈਂ ।
ਐਪਰ ਉੱਪਰੋਂ ਕਹਿੰਦਾ ਏ ,
ਤੇਰੇ ਬਿਨ ਸਰਦਾ ਨਈਂ ।
ਤਕੜਿਆਂ ਦਾ ਸ਼ਾਮ ਸਵੇਰੇ ,
ਪਾਣੀ ਭਰਦਾ ਰਹਿੰਦਾ ਏ ;
ਐਪਰ ਮਾੜੂ ਨਾਲ਼ ਖਲੋ ਕੇ ,
ਗੱਲ ਵੀ ਕਰਦਾ ਨਈਂ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਸਰਹੱਦਾਂ ਨੇ।

ਕਿੰਨਾ ਖ਼ੂਨ ਵਹਾਇਆ ਹੈ ਸਰਹੱਦਾਂ ਨੇ।
ਜੀਵਨ ਨਰਕ ਬਣਾਇਆ ਹੈ ਸਰਹੱਦਾਂ ਨੇ।
ਦੋਹੀਂ ਪਾਸੀਂ ਸੁੱਖੀਂ-ਸਾਂਦੀਂ ਵਸਦਿਆਂ ਦੇ,
ਪਿੱਟ-ਸਿਆਪਾ ਪਾਇਆ ਹੈ ਸਰਹੱਦਾਂ ਨੇ।
ਕਿਹੜੇ ਆਪਣੇ, ਕੌਣ ਬਿਗਾਨੇ ਹੋਣ ਭਲਾਂ,
ਬਾਂਦਰ-ਨਾਚ ਨਚਾਇਆ ਹੈ ਸਰਹੱਦਾਂ ਨੇ।
ਤੋੜੇ ਲੱਕ ਹਮੇਸ਼ਾ ਲੋਕ-ਸੰਘਰਸ਼ਾਂ ਦੇ,
ਮਾਰਗ ਤੋਂ ਭਟਕਾਇਆ ਹੈ ਸਰਹੱਦਾਂ ਨੇ।
ਚੌਧਰ ਖੁੱਸਦੀ ਦਿਸਦੀ ਜਦੋਂ ਹਕੂਮਤ ਦੀ,
ਪੂਰਾ ਸਾਥ ਨਿਭਾਇਆ ਹੈ ਸਰਹੱਦਾਂ ਨੇ।
ਰਾਮ, ਮੁਹੰਮਦ, ਨਾਨਕ ਚੇਤੇ ਰਹਿੰਦੇ ਨਾ,
ਬੰਦੇ ਨੂੰ ਹਲਕਾਇਆ ਹੈ ਸਰਹੱਦਾਂ ਨੇ।
ਆਵੋ 'ਜ਼ਖ਼ਮੀ' ਓਹੀ ਸਾਂਝ ਬਣਾ ਲਈਏ,
ਜਿਸ ਨੂੰ ਲਾਂਬੂ ਲਾਇਆ ਹੈ ਸਰਹੱਦਾਂ ਨੇ।



**ਕਰਮ ਸਿੰਘ ਜ਼ਖ਼ਮੀ**
ਗੁਰੂ ਤੇਗ ਬਹਾਦਰ ਨਗਰ, ਹਰੇੜੀ
ਰੋਡ, ਸੰਗਰੂਰ-148001
ਸੰਪਰਕ: 98146-28027

## ਮੁਸ਼ੱਕਤ


ਖ਼ੇਤ ਇਮਾਰਤ ਯਾ
ਫੈਕਟਰੀ ਦੀ ਉਸਾਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ
ਸਖ਼ਤ ਮਿਹਨਤਾਂ
ਕਰ ਖਿੱਚੀ ਤਿਆਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ
ਇੱਕ ਕਿਸਾਨ ਹੀ
ਮਿਹਨਤ ਨਹੀਂ ਕਰਦਾ
ਬੱਲੀਆ ਮਜ਼ਦੂਰ ਵੀ
ਹੁੰਦੀ ਭਾਗੀਦਾਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ
ਮੰਨਿਆ ਬਾਣੀਏ ਨੇ
ਦਿਮਾਗ ਲੜਾਉਂਦੇ
ਮਿਹਨਤੀ ਕਿਰਤੀ
ਰੰਗ ਲਿਆਉਂਦੇ
ਗੱਲ ਵੀ ਜਾਂਦੀ
ਹੈ ਵੀਚਾਰੀ
ਮਜ਼ਦੂਰ ਦੀ ਮੁਸ਼ੱਕਤ
ਤੋਂ ਹਾਂ ਬਲਿਹਾਰੀ



**.... ਬੱਲੀ ਈਲਵਾਲ**

## ਕਿਉਂ ਗਿਣਤੀ ਵਿੱਚ ਨਾ ਆਇਆ ਏ ?

ਜਿਸ ਕੋਠੀ ਦੇ ਵਿੱਚ ਰਹਿੰਦੇ ਹਾਂ।
ਸੋਫ਼ੇ, ਕੁਰਸੀ 'ਤੇ ਬਹਿੰਦੇ ਹਾਂ।
ਬੈੱਡਾਂ, ਮੰਜਿਆ 'ਤੇ ਪੈਂਦੇ ਹਾਂ।
ਇਹ ਸਭ ਕੁੱਝ ਜੀਹਨੇ ਬਣਾਇਆ ਏ।
ਕਦੇ ਗਿਣਤੀ ਦੇ ਵਿੱਚ ਆਇਆ ਏ ?
ਇਹ ਸੜਕਾਂ ਦਾ ਜੋ ਜਾਲ਼ ਦਿੱਸੇ
ਤੇ ਪੁਲ਼ਾਂ ਵਾਲ਼ਾ ਵੀ ਨਾਲ਼ ਦਿੱਸੇ।
ਲੁੱਕ, ਬਜਰੀ ਰਲ਼ਿਆ ਮਾਲ ਦਿੱਸੇ।
ਪਰ ਮੁੜਕਾ ਜਿਸ ਵਿੱਚ ਪਾਇਆ ਏ।
ਕਦੇ ਗਿਣਤੀ ਦੇ ਵਿੱਚ ਆਇਆ ਏ ?
ਇਹ ਭੱਜਦੀਆਂ ਗੱਡੀਆਂ, ਕਾਰਾਂ ਜੋ
ਤੇ ਭਰਨ ਜਹਾਜ਼ ਉਡਾਰਾਂ ਜੋ।
ਰੇਲਾਂ ਦੀਆਂ ਲੱਗੀਆਂ ਲਾਰਾਂ ਜੋ।
ਜਿਸ ਲੋਹਾ ਇਹ ਪਿਘਲਾਇਆ ਏ ?
ਕਦੇ ਗਿਣਤੀ ਦੇ ਵਿੱਚ ਆਇਆ ਏ ?
ਪਾਣੀ, ਸਪਰੇਹਾਂ ਲਾਉਣ ਵਾਲ਼ਾ।
ਅੰਨ, ਦਾਲਾਂ ਆਦਿ ਉਗਾਉਣ ਵਾਲ਼ਾ।
ਕੱਢਣ, ਲੱਦਣ ਤੇ ਲਾਹੁਣ ਵਾਲ਼ਾ।
ਜਿਸ ਖੁਦ ਨੂੰ ਹਰਦਮ ਵਾਹਿਆ ਏ।
ਕਦੇ ਗਿਣਤੀ ਦੇ ਵਿੱਚ ਆਇਆ ਏ ?
ਜੋ ਲੋੜਾਂ ਲਈ ਮਜ਼ਬੂਰ ਸਦਾ।
ਥੋੜਾਂ ਵਿੱਚ ਹੀ ਭਰਪੂਰ ਸਦਾ।
ਰੋਮੀਆਂ ਮਜੇ ਤੋਂ ਦੂਰ ਸਦਾ।
ਕਦੇ ਧਿਆਨ ਘੜਾਮੇਂ ਲਾਇਆ ਏ।
ਕਿਉਂ ਗਿਣਤੀ ਵਿੱਚ ਨਾ ਆਇਆ ਏ।



**ਰੋਮੀ ਘੜਾਮੇਂ ਵਾਲ਼ਾ।**
9855281105 (ਵਟਸਪ ਨੰ.)

## ਪੱਲੇਦਾਰ

ਨਿੱਤ ਦਿਹਾੜੀ ਮਿਸਤਰੀਆਂ ਨਾਲ ਵਿੱਚ ਵਿੱਚ ਲੈਟਰ ਪਾਵਾ
ਕੇਹੜੀ ਗੱਲ ਦਾ ਫ਼ਿਕਰ ਮਜਾਜਣੇ
ਸੱਤ ਸੌਂ ਰੋਜ਼ ਕਮਾਵਾਂ
ਜਿੰਨੇ ਬੱਚਦੇ ਸਾਰੇ ਪੈਸੇ ਤੇਰੇ ਹੱਥ ਤੇ ਧਰਦਾ
ਫਿਰ ਵੀ ਰੋਜ਼ ਆਖਦੀ ਘਰ ਪੂਰਾ ਨਹੀਂ ਸਰਦਾ

ਚਾਹ ਦੇ ਨਾਲ ਨਿਆਣੇ ਉਠਕੇ, ਸੌਂ ਦਾ ਨੋਟ ਖਾ ਜਾਂਦੇ
ਭੁੱਜੀਆ ਬਿਸਕੁਟ ਡੱਬਰਰੋਟੀਆ ਮੇਰੇ ਤੋ ਮੰਗਵਾਦੇ
ਪੈਸਾ ਪੈਸਾ ਰੱਖ ਸਾਂਭ ਕੇ ਨਿੱਤ ਤੈਨੂੰ ਸਮਝਾਉਂਦੀ
ਵੇ ਜੋ ਤੈਨੂੰ ਮੈਂ ਦੱਸਦੀ ਲੱਗਦਾ ਸਮਝ ਨਹੀਂ ਆਉਂਦੀ

ਫਿਕਰ ਕਰਨ ਨਾਲ ਕੁਝ ਨਹੀਂ ਹੁੰਦਾ ਜੋ ਹੋਣਾ ਸੋ ਹੋਣਾ
ਗੁਰਮੀਤ ਡੁਮਾਣਿਆਂ ਵਾਲੇ ਵਾਂਗੁ ਕਿਉਂ ਕਮਲੀਏ ਰੋਣਾ
ਮੁੱਠ ਬੰਦ ਨਹੀਂ ਖੁੱਲਣ ਦਈ ਦੀ ਘਰਾਂ ਦਾ ਹੁੰਦਾ ਪਰਦਾ
ਫਿਰ ਵੀ ਰੋਜ਼ ਆਖਦੀ ਘਰ ਪੂਰਾ ਨਹੀਂ ਸਰਦਾ

ਰੋਜ਼ ਦੇ ਖ਼ਾਨਾ ਤਿੰਨ ਪੈਗਾ,ਨਾਲ ਸਟਿੰਗ ਦੀ ਬੋਤਲ
ਜ਼ਰਦੇ ਦੀ ਪੁੜੀ ਨਾਲ਼ ਬੀੜੀਆਂ ਢਾਈ ਸੌ ਹੋ ਗਏ ਟੋਟਲ
ਢਿਲ ਮੱਠ ਕਦੇ ਆ ਹੀ ਜਾਂਦੀ, ਫਿਰ ਇੱਟ ਵਜਦੀ ਆ ਭਾਉਂਦੀ
ਵੇ ਜ਼ੋ ਤੈਨੂੰ ਮੈਂ ਦੱਸਦੀ ਲੱਗਦਾ ਸਮਝ ਨਹੀਂ ਆਉਂਦੀ

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**





# ਮਾਮਲਾ ਮਹਿਤਪੁਰ ਬਲਾਕ ਦਾ: ਐਕਸ਼ਨ ਕਮੇਟੀ ਦੀ ਹੰਗਾਮੀ ਮੀਟਿੰਗ, ਮੁੱਖ ਮੰਤਰੀ ਦੇ ਨਾਮ ਹਲਕਾ ਇੰਚਾਰਜ ਰਾਹੀ ਸੌਂਪਿਆ ਜਾਵੇਗਾ ਮੰਗ ਪੱਤਰ, ਡੀਸੀ ਨੂੰ ਵੀ ਕਰਵਾਇਆ ਜਾਵੇਗਾ ਮਾਮਲੇ ਤੋਂ ਜਾਣੂੰ - ਆਗੂ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਬਲਾਕ ਮਹਿਤਪੁਰ ਦੀ ਹੋਂਦ ਨੂੰ ਬਚਾਉਣ ਲਈ ਚੱਲ ਰਹੇ ਸੰਘਰਸ਼ ਦੀ ਅਗਲੀ ਰੂਪ ਰੇਖਾ ਉਲੀਕਣ ਲਈ ਇਲਾਕੇ ਦੀਆਂ ਅਲੱਗ -ਅਲੱਗ ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਬਣਾਈ ਸਾਂਝੀ ਐਕਸ਼ਨ ਕਮੇਟੀ ਦੀ ਹੰਗਾਮੀ ਮੀਟਿੰਗ ਅੱਜ ਮਹਿਤਪੁਰ ਬਾਬਾ ਪਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੌਰਾਨ ਜਥੇਬੰਦੀਆਂ ਵੱਲੋਂ ਬਲਾਕ ਮਹਿਤਪੁਰ ਦੀ ਹੋਂਦ ਨੂੰ ਬਚਾਉਣ ਲਈ ਵਿਚਾਰ ਵਿਟਾਂਦਰਾ ਕੀਤਾ ਗਿਆ ਇਸ ਮੌਕੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਇਕ ਮੰਗ ਪੱਤਰ ਹਲਕਾ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਰਾਹੀਂ ਅੱਜ ਸੋਂਪਿਆ ਜਾਵੇਗਾ। ਮੀਟਿੰਗ ਦੌਰਾਨ ਜਥੇਬੰਦੀਆਂ ਵੱਲੋਂ ਇਸ ਮਸਲੇ ਨੂੰ ਮਾਣਯੋਗ ਡੀਸੀ ਜਲੰਧਰ ਦੇ ਧਿਆਨ ਵਿੱਚ ਲਿਆਉਣ ਲਈ ਵੀ ਵਿਚਾਰ ਵਿਟਾਂਦਰਾ ਕੀਤਾ ਗਿਆ। ਇਸ ਮੌਕੇ ਇਸ ਮੀਟਿੰਗ ਵਿਚ ਬੀਕੇਯੂ ਦੁਆਬਾ ਪ੍ਰਧਾਨ ਕਸ਼ਮੀਰ ਸਿੰਘ ਪੰਨੂ, ਬੀਕੇਯੂ ਪੰਜਾਬ ਕੌਰ ਕਮੇਟੀ ਮੈਂਬਰ ਨਰਿੰਦਰ ਸਿੰਘ ਬਾਜਵਾ, ਬੀਕੇਯੂ ਕਾਦੀਆਂ ਬਾਬਾ ਪਲਵਿੰਦਰ ਸਿੰਘ, ਪੇਂਡੂ ਮਜ਼ਦੂਰ ਸਾਥੀ ਯੂਨੀਅਨ ਤਰਸੇਮ ਪੀਟਰ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਕਬਾਲ ਸਿੰਘ ਮੰਡਿਆਲਾ, ਕੁਲ ਹਿੰਦ ਕਿਸਾਨ ਸਭਾ ਕਾਮਰੇਡ ਸੰਦੀਪ ਅਰੋੜਾ, ਦਿਹਾਤੀ ਮਜ਼ਦੂਰ ਸਭਾ ਸਤਪਾਲ ਸਹੋਤਾ, ਨਰੇਗਾ ਮਜ਼ਦੂਰ ਯੂਨੀਅਨ ਚਰਨਜੀਤ ਥੰਮੂਵਾਲ, ਦਿਹਾਤੀ ਕਿਸਾਨ ਯੂਨੀਅਨ ਬਚਨ ਸਿੰਘ,ਖੇਤ ਮਜ਼ਦੂਰ ਯੂਨੀਅਨ ਸਿਕੰਦਰ ਸਿੰਘ, ਸਾਬਕਾ ਸਰਪੰਚ ਸੁਖਵੰਤ ਸਿੰਘ ਰੌਲੀ, ਜ਼ਿਲ੍ਹਾ ਮੀਤ ਪ੍ਰਧਾਨ ਬੀਕੇਯੂ ਪੰਜਾਬ ਸੋਢੀ ਸਿੰਘ, ਤਹਿਸੀਲ ਨਕੋਦਰ ਪ੍ਰਧਾਨ ਬੀਕੇਯੂ ਪੰਜਾਬ ਗੁਰਦੀਪ ਸਿੰਘ , ਰਮਨਜੀਤ ਸਿੰਘ ਸਮਰਾ ਜ਼ਿਲ੍ਹਾ ਯੂਥ ਪ੍ਰਧਾਨ ਬੀਕੇਯੂ ਪੰਜਾਬ, ਗੁਰਜੰਟ ਸਿੰਘ, ਰਣਜੀਤ ਸਿੰਘ ਕੌਹਾੜ, ਨਰਿੰਦਰ ਸਿੰਘ ਉਧੋਵਾਲ ਬੀਕੇਯੂ ਦੁਆਬਾ, ਬਲਬੀਰ ਸਿੰਘ ਉਧੋਵਾਲ, ਵਿਜੇ ਬਾਠ, ਕਸ਼ਮੀਰ ਸਿੰਘ ਆਦਿ ਵਿਸ਼ੇਸ਼ ਤੌਰ ਹਾਜ਼ਰ ਸਨ ।





# ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ ) ਮਮਤਾ ਬਜਾਜ ਦੁਆਰਾ ਜ਼ਿਲ੍ਹੇ ਦੇ ਸਮੂਹ ਬੀ ਆਰ ਸੀ ਨਾਲ ਕੀਤੀ ਅਹਿਮ ਮੀਟਿੰਗ

- ਮਿਸ਼ਨ ਸਮਰੱਥ 3.0 ਤੇ ਇਨਰੋਲਮੈਂਟ ਡਰਾਈਵ 2025-26 ਤੇ ਟੀਚਿਆਂ ਨੂੰ ਸਰ ਕਰਨ ਲਈ ਵਿਸ਼ੇਸ਼ ਹਦਾਇਤਾਂ ਜਾਰੀ
- 70 ਫੀਸਦੀ ਤੋਂ ਉੱਪਰ ਟੀਚੇ ਹਾਸਲ ਕਰਨ ਵਾਲੇ ਸਕੂਲ ਆਨਲਾਈਨ ਪੋਰਟਲ ਤੇ ਕਰਨ ਸੈਲਫ਼ ਨੋਮੀਨੇਸ਼ਨ- ਮਮਤਾ ਬਜਾਜ

**ਕਪੂਰਥਲਾ (ਕੌੜਾ)** - ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਸ਼੍ਰੀਮਤੀ ਮਮਤਾ ਬਜਾਜ ਤੇ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਦੀ ਅਗਵਾਈ ਹੇਠ ਵਿਦਿਅਕ ਸੈਸ਼ਨ 2025- 26 ਲਈ ਚੱਲ ਰਹੀ ਇਨਰੋਲਮੈਂਟ ਡਰਾਈਵ ਤਹਿਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਸ਼੍ਰੀਮਤੀ ਮਮਤਾ ਬਜਾਜ ਨੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਬੀ ਆਰ ਸੀ ਦੀ ਇੱਕ ਅਹਿਮ ਮੀਟਿੰਗ ਕੀਤੀ । ਇਸ ਦੌਰਾਨ ਉਨ੍ਹਾਂ ਨੇ ਵਿਭਾਗ ਦੁਆਰਾ ਨਵ ਨਿਯੁਕਤ ਬੀ ਆਰ ਸੀ ਜਿਨ੍ਹਾਂ ਵਿੱਚ ਪਵਨ ਕੁਮਾਰ ਕਪੂਰਥਲਾ -2,ਕੁਲਦੀਪ ਚੰਦ ਸੁਲਤਾਨਪੁਰ ਲੋਧੀ-1,ਰੇਸ਼ਮ ਸਿੰਘ ਕਪੂਰਥਲਾ-1,ਅਕਬਰ ਖਾਨ ਫਗਵਾੜਾ-1,ਸੁਰਿੰਦਰ ਕੁਮਾਰ ਫਗਵਾੜਾ-1,ਮਨਜੀਤ ਲਾਲ ਫਗਵਾੜਾ-2 ਆਦਿ ਨੂੰ ਟੀਮ ਵਿਚ ਸ਼ਾਮਿਲ ਹੋਣ ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਵਿਭਾਗ ਦੁਆਰਾ ਚਲਾਏ ਜਾ ਰਹੇ ਸਿੱਖਿਆ ਗੁਣਵੱਤਾ ਲਈ ਪ੍ਰੋਜੈਕਟ ਮਿਸ਼ਨ ਸਮਰੱਥ 3.0 ਵਿੱਚ ਤੁਹਾਡੇ ਤੇ ਵਿਸ਼ਵਾਸ ਕਰਦੇ ਹੋਏ ਤੁਹਾਨੂੰ ਕਪੂਰਥਲਾ ਦਾ ਨੰਬਰ- 1 ਜ਼ਿਲ੍ਹਾ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੈਨੂੰ ਉਮੀਦ ਹੈ ਕਿ ਤੁਸੀਂ ਸਾਰੇ ਮਿਲ ਕੇ ਇਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਗੇ। ਇਸ ਦੌਰਾਨ ਸ੍ਰੀਮਤੀ ਮਮਤਾ ਬਜਾਜ ਨੇ ਜ਼ਿਲ੍ਹੇ ਵਿੱਚ ਚੱਲ ਰਹੀ ਇਨਰੋਲਮੈਂਟ ਡਰਾਈਵ ਵਿੱਚ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਵਿਭਾਗ ਦੁਆਰਾ ਪ੍ਰੀ ਪ੍ਰਾਇਮਰੀ ਤੇ ਪ੍ਰਾਇਮਰੀ ਦੇ ਦਾਖਲੇ ਦੇ ਨਿਰਧਾਰਿਤ ਟੀਚਿਆਂ ਨੂੰ ਅਧਿਆਪਕਾਂ ਨਾਲ ਮਿਲ ਕੇ ਜਲਦ ਤੋਂ ਜਲਦ ਪੂਰਾ ਕਰਨ ਦੀ ਹਦਾਇਤ ਕੀਤੀ । ਉਹਨਾਂ ਨੇ ਮਿਸ਼ਨ ਸਮਰੱਥ 3.0 ਵਿੱਚ ਜਿਨ੍ਹਾਂ ਸਕੂਲਾਂ ਨੇ ਤੀਸਰੀ ਤੋਂ ਪੰਜਵੀਂ ਜਮਾਤ ਤੱਕ 70 ਫੀਸਦੀ ਤੋਂ ਉੱਪਰ ਟੀਚੇ ਹਾਸਲ ਕਰ ਲਏ ਹਨ । ਉਹਨਾਂ ਸਕੂਲਾਂ ਨੂੰ ਸ਼ੈਲਫ਼ ਨੋਮੀਨੈਸ਼ਨ ਕਰਨ ਲਈ ਪ੍ਰੇਰਿਤ ਕਰਨ। ਜੋ ਕਿ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ।ਇਸ ਦੇ ਨਾਲ ਹੀ ਉਹਨਾਂ ਮਿਸ਼ਨ ਸਮਰੱਥ 3.0 ਦੇ ਮੱਧ ਵਰਤੀ ਟੈਸਟਿੰਗ ਹੋਣ ਉਪਰੰਤ ਉਸਦੀ ਰੈਡਿਮ ਟੈਸਟਿੰਗ ਕਰਨ ਦੀ ਵਿਸ਼ੇਸ਼ ਹਦਾਇਤ ਕੀਤੀ। ਇਸ ਮੌਕੇ ਤੇ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਹਰਮਿੰਦਰ ਸਿੰਘ ਜੋਸਨ ਤੋਂ ਇਲਾਵਾ ਹਰਪ੍ਰੀਤ ਸਿੰਘ ਬੀ ਆਰ ਸੀ ਭੁਲੱਥ ,ਰੇਸ਼ਮ ਲਾਲ ਬੀ ਆਰ ਸੀ ਭੁਲੱਥ,ਹਰਪ੍ਰੀਤ ਸਿੰਘ ਬੀ ਆਰ ਸੀ ਨਡਾਲਾ, ਤਰਸੇਮ ਸਿੰਘ ਬੀ ਆਰ ਸੀ ਨਡਾਲਾ ,ਨਵਜੋਤ ਸਿੰਘ ਬੀ ਆਰ ਸੀ ਕਪੂਰਥਲਾ-3,ਗੁਰਪ੍ਰੀਤ ਸਿੰਘ ਬੀ ਆਰ ਸੀ ਮਸੀਤਾਂ, ਡਾ ਪਰਮਜੀਤ ਕੌਰ ਬੀ ਆਰ ਸੀ ਕਪੂਰਥਲਾ-1 ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਬਜਾਜ ਜ਼ਿਲ੍ਹੇ ਦੇ ਸਮੂਹ ਬੀ ਆਰ ਸੀ ਨਾਲ ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕਰਦੇ ਹੋਏ।

# ਜੀ.ਡੀ.ਗੋਇਨਕਾ ਸਕੂਲ,ਕਪੂਰਥਲਾ ਸਹੋਦਿਆ ਇੰਟਰ ਸਕੂਲ 'ਡਿਜੀਟਲ ਸਟੋਰੀ ਟੈਲਿੰਗ' ਮੁਕਾਬਲੇ ‘ਚ ਜੇਤੂ

**ਕਪੂਰਥਲਾ (ਕੌੜਾ)-** ਸਕੂਲਾਂ ਵਿੱਚ ਕਰਵਾਏ ਜਾਂਦੇ ਵੱਖ-ਵੱਖ ਮੁਕਾਬਲੇ ਜਿੱਥੇ ਬੱਚਿਆਂ ‘ਚ ਆਤਮ-ਵਿਸ਼ਵਾਸ ਪੈਦਾ ਕਰਦੇ ਹਨ। ਉੱਥੇ ਉਨ੍ਹਾਂ ਨੂੰ ਭਵਿੱਖ ਲਈ ਵੀ ਤਿਆਰ ਕਰਦੇ ਹਨ।ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੇ ਦੋ ਵਿਦਿਆਰਥੀਆਂ ਨੇ ਸਹੋਦਿਆ ਇੰਟਰ ਸਕੂਲ ਮੁਕਾਬਲੇ 'ਡਿਜੀਟਲ ਸਟੋਰੀ ਟੈਲਿੰਗ' ਜਿਸਦਾ ਵਿਸ਼ਾ ‘ਜਲਵਾਯੂ ਤਬਦੀਲੀ’ ਸੀ ‘ਚ ਭਾਗ ਲਿਆ ਅਤੇ ਦੂਜਾ ਸਥਾਨ ਹਾਸਲ ਕੀਤਾ । ਜਿਕਰਯੋਗ ਹੈ ਕਿ ਇਸ ਮੁਕਾਬਲੇ ਵਿੱਚ ਕਪੂਰਥਲਾ ਦੇ 12 ਸੀ ਬੀ ਐਸ ਈ ਸਕੂਲਾਂ ਨੇ ਭਾਗ ਲਿਆ। ਜਿਸ ਵਿੱਚ ਜੀ ਡੀ ਗੋਇਨਕਾ ਸਕੂਲ ਦੇ ਗਿਆਰਵੀਂ ਜਮਾਤ ਦੇ



ਵਿਦਿਆਰਥੀਆਂ ਮਨਵੀਨ ਕੌਰ ਅਤੇ ਅੰਸ਼ ਸੈਣੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਸੁਖਦੇਵ ਸਿੰਘ ਅਤੇ ਸਕੱਤਰ ਪਰਮਿੰਦਰ ਕੌਰ ਨੇ ਜੇਤੂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਕਿਉਂਕਿ ਅਜਿਹੇ ਮੁਕਾਬਲੇ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਬਹੁਤ ਸਹਾਈ ਹੁੰਦੇ ਹਨ ਅਤੇ ਉਹਨਾਂ ਦਾ ਆਤਮ ਵਿਸ਼ਵਾਸ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਪੰਜਾਬ ਦੇ ਹਿੱਸੇ ਦਾ ਦਰਿਆਈ ਪਾਣੀ ਧੱਕੇ ਨਾਲ ਗੁਆਂਢੀ ਰਾਜਾਂ ਨੂੰ ਦੇਣਾ ਪੰਜਾਬ ਖਿਲਾਫ ਬੀਜੇਪੀ ਦੀ ਇਕ ਡੂੰਘੀ ਸਾਜ਼ਿਸ਼ : ਲਿਬਰੇਸ਼ਨ

## ਕੇਂਦਰ ਸਰਕਾਰ ਨੂੰ ਇਤਿਹਾਸ ਤੋਂ ਸਬਕ ਸਿੱਖਣ ਦੀ ਜ਼ਰੂਰਤ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਸੀਪੀਆਈ (ਐਮ ਐਲ) ਲਿਬਰੇਸ਼ਨ ਪੰਜਾਬ ਦਾ ਕਹਿਣਾ ਹੈ ਕਿ 'ਮਾਨਵੀ ਅਧਾਰ' ਦੀ ਆੜ ਵਿੱਚ ਬੀਬੀਐਮਬੀ ਵਲੋਂ ਹਰਿਆਣਾ ਨੂੰ ਪੰਜਾਬ ਦੇ ਹਿੱਸੇ ਵਿਚੋਂ ਵਾਧੂ ਦਰਿਆਈ ਪਾਣੀ ਦੇਣ ਵਿੱਚ ਕੀਤਾ ਜਾ ਰਿਹਾ ਧੱਕਾ ਮੋਦੀ ਸਰਕਾਰ ਵਲੋਂ ਪੰਜਾਬ ਦੇ ਅਧਿਕਾਰਾਂ ਨੂੰ ਪੈਰਾਂ ਹੇਠ ਰੋਲਣ ਵਾਲੀ ਅਜਿਹੀ ਕਾਰਵਾਈ ਹੈ, ਜਿਸ ਦੇ ਨਤੀਜੇ ਗੰਭੀਰ ਤੇ ਦੂਰਰਸ ਹੋਣਗੇ। ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਅਤੇ ਸੂਬਾਈ ਬੁਲਾਰੇ ਕਾਮ-ਰੇਡ ਸੁਖਦਰਸ਼ਨ ਸਿੰਘ ਨੱਤ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਗਰਮੀ ਦੇ ਮੌਸਮ ਵਿੱਚ ਹਰ ਸੂਬਾ ਵੱਧ ਤੋ ਵੱਧ ਪਾਣੀ ਲੈਣਾ ਚਾਹੁੰਦਾ ਹੈ, ਹਾਲਾਂਕਿ ਦਰਿਆਈ ਪਾਣੀ ਦੀ ਵੰਡ ਵਿੱਚ ਪਹਿਲਾਂ ਹੀ ਸਰਬਪ੍ਰਵਾਨਿਤ ਰਿਪੇਰੀਅਨ ਨਿਯਮਾਂ ਨਿਯਮਾਂ ਦੇ ਉਲਟ ਜਾ ਕੇ ਪੰਜਾਬ ਨਾਲ ਵੱਡੀ ਬੇਇਨਸਾਫੀ ਕੀਤੀ ਗਈ ਹੈ। ਹੁਣ ਪੰਜਾਬ ਵਲੋਂ ਪੁਰਜ਼ੋਰ ਵਿਰੋਧ ਕਰਨ ਦੇ ਬਾਵਜੂਦ ਵੀ ਕੇਂਦਰ ਸਰਕਾਰ ਦੇ ਕੰਟਰੋਲ ਹੇਠਲੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਹਰਿਆਣਾ ਨੂੰ ਉਸ ਦੇ ਤਹਿ ਹਿੱਸੇ ਤੋਂ ਵਧੇਰੇ ਪਾਣੀ ਛੱਡਣ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਥੋਂ ਤੱਕ ਕਿ ਇਸ ਦੇ ਲਈ ਬੋਰਡ ਵਿਚੋਂ ਪੰਜਾਬ ਦੇ ਮੈਂਬਰਾਂ ਤੇ ਇੰਜੀਨੀਅਰਾਂ ਨੂੰ ਪਾਸੇ ਕੀਤਾ ਜਾ ਰਿਹਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਪੰਜਾਬ ਨਾਲ ਸਰਾਸਰ ਧੱਕਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਡਾਕਟਰ ਰਾਜਨ ਅਗਰਵਾਲ ਵੱਲੋਂ ਸਾਲ 2023 ਵਿੱਚ ਦਿੱਤੇ ਅੰਕੜਿਆਂ ਦੇ ਵਿੱਚ ਦਸਿਆ ਗਿਆ ਸੀ ਕਿ 1980 ਦੇ ਦਹਾਕੇ ਵਿੱਚ ਪੰਜਾਬ ਦੇ ਵਿੱਚ ਸਿਰਫ਼ 2 ਲੱਖ ਟਿਊਬਵੈਲ ਸਨ ਜਿਨ੍ਹਾਂ ਦੀ ਗਿਣਤੀ ਹੁਣ 15 ਲੱਖ ਤੱਕ ਪਹੁੰਚ ਚੁੱਕੀ ਹੈ ਅਤੇ ਅਗਰ ਪੀਣ ਵਾਲੇ ਪਾਣੀ ਲਈ ਕੀਤੇ ਘਰੇਲੂ ਬੋਰ ਗਿਣ ਲਏ ਜਾਣ ਤਾਂ ਇਹ ਗਿਣਤੀ 24 ਲੱਖ ਤੋਂ ਵੱਧ ਜਾਂਦੀ ਹੈ। ਇਸ ਤੋਂ ਇਲਾਵਾ 1970 ਦੇ ਦਹਾਕੇ ਦੇ ਵਿੱਚ ਪੰਜਾਬ ਵਿੱਚ ਸਿਰਫ਼ 70% ਜ਼ਮੀਨ ਹੀ ਸਿੰਚਾਈ ਹੇਠ ਸੀ, ਉੱਥੇ ਹੁਣ ਇਹ ਮਾਤਰਾ 99 ਫੀਸਦੀ ਤੱਕ ਪਹੁੰਚ ਚੁੱਕੀ ਹੈ। ਇਕ ਪਾਸੇ ਖੇਤੀ ਲਈ ਸੂਬਾ ਦੀਆਂ ਪਾਣੀ ਦੀ ਜ਼ਰੂਰਤ ਵਿੱਚ ਵੱਡਾ ਵਾਧਾ ਹੋ ਚੁੱਕਾ ਹੈ ਤੇ ਦੂਜੇ ਪਾਸੇ ਦਰਿਆਵਾਂ ਤੇ ਡੈਮਾਂ ਵਿੱਚ ਪਾਣੀ ਦੀ ਉਪਲੱਬਧਤਾ ਕਾਫੀ ਘੱਟ ਗਈ ਹੈ, ਤਦ ਵੀ ਧੱਕੇ ਨਾਲ ਪੰਜਾਬ ਦਾ ਪਾਣੀ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇੰਨਾਂ ਹੀ ਨਹੀਂ ਲੋੜੀਂਦੀ ਮਾਤਰਾ ਵਿੱਚ ਨਹਿਰੀ ਪਾਣੀ ਨਾ ਮਿਲਣ ਕਾਰਨ ਸੂਬੇ ਨੂੰ ਧਰਤੀ ਹੇਠੋਂ ਲਗਾਤਾਰ ਐਨਾ ਪਾਣੀ ਵਰਤਣਾ ਪੈ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਪੰਜਾਬ ਦੇ 150 ਵਿੱਚੋਂ 117 ਬਲਾਕ ਡਾਰਕ ਜ਼ੋਨ ਦੇ ਵਿੱਚ ਆ ਗਏ ਹਨ। ਨਹਿਰੀ ਪਾਣੀ ਦੀ ਘਾਟ ਕਾਰਨ ਪੰਜਾਬ ਦਾ ਧਰਤੀ ਹੇਠਲਾ ਪਾਣੀ ਸਾਲ-ਾਨਾ ਔਸਤ ਇਕ ਮੀਟਰ ਡੂੰਘਾ ਹੁੰਦਾ ਜਾ ਰਿਹਾ ਹੈ। ਇਥੇ ਸਾਡਾ ਸੁਆਲ ਹੈ ਕਿ ਖੇਤੀ ਲਈ ਚਲਦੇ ਪੰਦਰਾਂ ਲੱਖ ਟਿਊਬਵੈੱਲ ਉਤੇ ਪੰਜਾਬ ਨੂੰ ਜੋ ਸਾਲਾਨਾ ਕਰੀਬ ਪੰਦਰਾਂ ਹਜ਼ਾਰ ਕਰੋੜ ਰੁਪਏ ਦੀ ਭਾਰੀ ਰਕਮ ਵੀ ਖਰਚਣੀ ਪੈ ਰਹੀ ਹੈ, ਕੀ ਹਰਿਆਣਾ ਦਿੱਲੀ ਤੇ ਰਾਜਸਥਾਨ ਸਰਕਾਰਾਂ ਜਾਂ ਕੇਂਦਰ ਸਰਕਾਰ "ਮਾਨਵੀ ਅਧਾਰ ਉਤੇ" ਪੰਜਾਬ ਦੇ ਹੋ ਰਹੇ ਇਸ ਕਦੇ ਨਾ ਪੂਰੇ ਹੋ ਸਕਣ ਵਾਲੇ ਅਥਾਹ ਨੁਕਸਾਨ ਦੀ ਭਰਪਾਈ ਕਰਨ ਲਈ ਤਿਆਰ ਹਨ?

ਬਿਆਨ ਵਿਚ ਕਿਹਾ ਗਿਆ ਹੈ ਕਿ ਇਸੇ ਲਈ ਸਮੂਹ ਸੁਹਿਰਦ ਪੰਜਾਬੀ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78-79 ਤੇ 80 ਨੂੰ ਰੱਦ ਕਰਨ ਦੀ ਮੰਗ ਕਰਦੇ ਆ ਰਹੇ ਨੇ, ਕਿਉਂਕਿ ਇੰਨਾਂ ਧਾਰਾਵਾਂ ਦੇ ਜ਼ਰੀਏ ਹੀ ਕੇਂਦਰ ਸਰਕਾਰ ਨੇ ਪੰਜਾਬ ਨੂੰ ਉਸ ਦੇ ਡੈਮਾਂ ਅਤੇ ਹੈੱਡਵਰਕਸਾਂ ਦੇ ਕੰਟਰੋਲ ਤੋਂ ਵਾਂਝਾਂ ਕਰਕੇ ਇਹ ਕੰਟਰੋਲ ਅਪਣੀ ਮੁੱਠੀ ਵਿਚਲੇ ਇਸ ਕੇਂਦਰੀ ਬੋਰਡ ਦੇ ਹੱਥ ਦਿੱਤਾ ਹੋਇਆ ਹੈ। ਲਿਬਰੇਸ਼ਨ ਆਗੂਆਂ ਦਾ ਕਹਿਣਾ ਹੈ ਕਿ ਅਸੀਂ ਅਪਣੇ ਗੁਆਂਢੀ ਸੂਬਿਆਂ ਦੀਆਂ ਪਾਣੀ ਦੀਆਂ ਜ਼ਰੂਰਤਾਂ ਨੂੰ ਵੀ ਬਾਖੂਬੀ ਸਮਝਦੇ ਹਾਂ, ਪਰ ਪੰਜਾਬ ਦੇ ਪਾਣੀਆਂ ਦੀ ਲੁੱਟ ਬਾਰੇ ਦਿਮਾਗ ਲੜਾਉਣ ਦੀ ਬਜਾਏ ਕੇਂਦਰ ਸਰਕਾਰ ਨੂੰ ਗੰਗਾ ਦਾ ਹਰ ਸਾਲ ਸਮੁੰਦਰ ਵਿੱਚ ਜਾ ਰਹੇ ਕਰੋੜਾਂ ਕਿਊਬਿਕ ਪਾਣੀ ਵਿਚੋਂ ਹਰਿਆਣਾ ਨੂੰ ਪਾਣੀ ਦੇਣ ਦੇ ਪ੍ਰੋਜੈਕਟ ਉਤੇ ਕੇਂਦਰਿਤ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਤੇ ਕੇਂਦਰ ਦਰਮਿਆਨ ਵੱਡੇ ਟਕਰਾਅ ਦਾ ਮੁੱਢ ਪਹਿਲਾਂ ਵੀ ਧੱਕੇ ਨਾਲ ਐਸਵਾਈਐਲ ਨਹਿਰ ਦੀ ਉਸਾਰੀ ਕਰਨ ਦੇ ਮੁੱਦੇ ਤੋਂ ਹੀ ਬੱਝਾ ਸੀ। ਸਾਨੂੰ ਇਤਿਹਾਸ ਤੋਂ ਲਾਜ਼ਮੀ ਸਬਕ ਸਿਖਣਾ ਚਾਹੀਦਾ ਹੈ।

# ਆਸ਼ਾ ਵਰਕਰ ਯੂਨੀਅਨ (ਸੀਟੂ) ਨੇ ਮਜ਼ਦੂਰ ਦਿਵਸ ਮਨਾਇਆ



**ਰੋਪੜ, (ਰੋਮੀ ਘੜਾਮਾਂ):** ਮਹਾਰਾਜਾ ਰਣਜੀਤ ਸਿੰਘ ਬਾਗ, ਰੋਪੜ ਵਿਖੇ ਆਸ਼ਾ ਵਰਕਰ/ਫੈਸੀਲੀਟੇਟਰ ਯੂਨੀਅਨ ਪੰਜਾਬ (ਸੀਟੂ) ਵੱਲੋਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਮਜ਼ਦੂਰ ਦਿਵਸ ਮਨਾਇਆ ਗਿਆ। ਬੁਲਾਰਿਆਂ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਮਜ਼ਦੂਰ ਜਮਾਤ ਦੇ ਉਹਨਾਂ ਸ਼ਹੀਦਾਂ ਦੀ ਬਦੌਲਤ ਮਜ਼ਦੂਰ ਜਮਾਤ ਨੂੰ ਕਾਫੀ ਸਾਰੇ ਹੱਕ ਮਿਲੇ ਸਨ ਪਰ ਹੁਣ ਦੀਆਂ ਸਰਕਾਰਾਂ ਮਜ਼ਦੂਰਾਂ ਦੇ ਹੱਕਾਂ ਤੇ ਕੱਟ ਲਾ ਕੇ ਕਾਰਪੋਰੇਟ ਅਤੇ ਸਰਮਾਏਦਾਰ ਘਰਾਣਿਆਂ ਦੇ ਮੁਨਾਫੇ ਵਧਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀਆਂ ਹਨ। ਮਜ਼ਦੂਰ ਜਮਾਤ ਨੂੰ ਵਿਸ਼ਾਲ ਏਕਤਾ ਕਾਇਮ ਕਰਕੇ ਇਨ੍ਹਾਂ ਕੋਸ਼ਿਸ਼ਾਂ ਨੂੰ ਨਾਕਾਮ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੋਰਦਾਰ ਸੰਘਰਸ਼ ਕਰਨਾ ਹੋਵੇਗਾ। ਆਸ਼ਾ ਵਰਕਰਾਂ ਨੂੰ ਵੀ ਨਿਗੂਣੀਆਂ ਜਿਹੀਆਂ ਤਨਖਾਹਾਂ ਅਤੇ ਭੱਤੇ ਦੇ ਕੇ ਉਹਨਾਂ ਤੋਂ ਵੱਧ ਤੋਂ ਵੱਧ ਕੰਮ ਲੈ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਜਿਸ ਦੇ ਖਿਲਾਫ ਆਸ਼ਾ ਵਰਕਰ ਯੂਨੀਅਨ ਸੀਟੂ ਦੀ ਅਗਵਾਈ ਹੇਠ ਲਗਾਤਾਰ ਸੰਘਰਸ਼ ਕਰ ਰਹੀ ਹੈ। ਇਸ ਮੌਕੇ ਕਾਮਰੇਡ ਗੁਰਦੇਵ ਸਿੰਘ ਬਾਗੀ ਸੂਬਾ ਸਕੱਤਰ ਸੀਟੂ, ਕਾਮਰੇਡ ਦਲੀਪ ਸਿੰਘ ਘਨੌਲਾ ਸੀਨੀਅਰ ਕਿਸਾਨ ਆਗੂ , ਕਾਮਰੇਡ ਸ੍ਰੀਪਾਲ, ਕਾਮਰੇਡ ਪਵਨ ਕੁਮਾਰ ਸਰਪੰਚ ਚੱਕ ਕਰਮਾਂ, ਪਰਮਿੰਦਰ ਸਿੰਘ ਕੰਗ ਸੀਟੂ ਆਗੂ, ਸਪਿੰਦਰ ਸਿੰਘ ਘਨੌਲੀ ਕਿਸਾਨ ਆਗੂ, ਪਰਮਜੀਤ ਸਿੰਘ ਪੰਮਾ, ਮਨਿੰਦਰ ਸਿੰਘ ਮੌਂਟੀ ਆਗੂ ਰੋਡ ਟਰਾਂਸਪੋਰਟ ਵਰਕਰ ਯੂਨੀਅਨ, ਜਸਵਿੰਦਰ ਕੌਰ ਜਨਰਲ ਸਕੱਤਰ ਰੂਪਨਗਰ, ਸੁਰਿੰਦਰ ਕੌਰ ਸੀਮਾਂ ਸੂਬਾ ਸਕੱਤਰ, ਰਣਜੀਤ ਕੌਰ ਸੂਬਾ ਕਮੇਟੀ ਮੈਂਬਰ, ਸਰਬਜੀਤ ਕੌਰ ਬਲਾਕ ਪ੍ਰਧਾਨ ਭਰਤਗੜ੍ਹ, ਬਲਜੀਤ ਕੌਰ ਬਲਾਕ ਪ੍ਰਧਾਨ ਸ਼੍ਰੀ ਚਮਕੌਰ ਸਾਹਿਬ, ਕਿਸਾਨ ਆਗੂ ਭਗਤ ਸਿੰਘ ਬਿੱਕੋਂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਕੰਨਿਆ ਸਕੂਲ ਰੋਪੜ ਵਿਖੇ ਮਨਾਇਆ ਗਿਆ 'ਨੋ ਬੈਕ ਡੇਅ'



**ਰੋਪੜ (ਰੋਮੀ ਘੜਾਮਾਂ):** ਸ.ਸ.ਸ.ਸ. ਸਕੂਲ (ਕੰਨਿਆ) ਰੋਪੜ ਵਿਖੇ ਪ੍ਰਿੰਸੀਪਲ ਸੰਦੀਪ ਕੌਰ ਦੀ ਅਗਵਾਈ ਹੇਠ 'ਨੋ ਬੈਕ ਡੇਅ' ਮਨਾਇਆ ਗਿਆ। ਪ੍ਰਿੰਸੀਪਲ ਨੇ ਦੱਸਿਆ ਕਿ ਇਹ ਸਮਾਗਮ ਮਾਣਯੋਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਦੀ ਰਹਿਨੁਮਾਈ ਵਿੱਚ 'ਯੁੱਧ, ਨਸ਼ਿਆਂ ਵਿਰੁੱਧ' ਬੈਨਰ ਹੇਠ ਕਰਵਾਇਆ ਗਿਆ। ਜਿਸ ਤਹਿਤ ਚਾਰ ਪ੍ਰਕਾਰ ਦੇ ਮੁਕਾਬਲੇ ਭਾਸ਼ਣ, ਚਿੱਤਰਕਲਾ, ਸਲੋਗਨ ਅਤੇ ਸੁੰਦਰ ਲਿਖਾਈ ਕਰਵਾਏ ਗਏ। ਜਿੰਨ੍ਹਾ ਵਿੱਚ ਵਿਦਿਆਰਥਣਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਗਿਆ। ਜੇਤੂਆਂ ਨੂੰ ਪ੍ਰਿੰਸੀਪਲ ਮੈਡਮ ਵੱਲੋਂ ਇਨਾਮ ਦਿੱਤੇ ਗਏ । ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

for more news visit:
www.samajweekly.com

# ਨਰੇਗਾ ਮਜ਼ਦੂਰਾਂ ਅਤੇ ਕਿਸਾਨ ਸਭਾ ਨੇ ਪਿੰਡ ਚੱਕ ਕਰਮਾਂ ਵਿਖੇ ਮਜ਼ਦੂਰ ਦਿਵਸ ਮਨਾਇਆ

## ਕਿਸਾਨ ਆਗੂ ਟਿੱਕਾ ਸਿੰਘ ਅਤੇ ਮਜਦੂਰ ਆਗੂ ਰਾਮ ਕਿਸ਼ਨ ਨੇ ਲਹਿਰਾਇਆ ਲਾਲ ਝੰਡਾ



**ਘਨੌਲੀ।** ਪਿੰਡ ਚੱਕ ਕਰਮਾਂ, ਮਨਸਾਲੀ ਅਤੇ ਮਕੌੜੀ ਕਲਾਂ/ਖੁਰਦ ਦੇ ਨਰੇਗਾ ਮਜ਼ਦੂਰਾਂ ਅਤੇ ਕਿਸਾਨਾਂ ਨੇ ਰਲ਼ ਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਲਾਲ ਝੰਡਾ ਲਹਿਰਾ ਕੇ ਉਹਨਾਂ ਨੂੰ ਸਲਾਮੀ ਦਿੱਤੀ। ਇਸ ਮੌਕੇ ਕੁਲ ਹਿੰਦ ਕਿਸਾਨ ਸਭਾ ਆਗੂ ਕਾਮਰੇਡ ਪਵਨ ਕੁਮਾਰ ਸਰਪੰਚ ਚੱਕ ਕਰਮਾਂ, ਸੁਰਿੰਦਰ ਸਿੰਘ ਸਰਪੰਚ ਮਨਸਾਲੀ, ਹਰਜਿੰਦਰ ਸਿੰਘ ਲਾਡਾ ਮਕੌੜੀ ਕਲਾਂ, ਕੁਲਦੀਪ ਕੌਰ ਸਾਬਕਾ ਸਰਪੰਚ ਚੱਕ ਕਰਮਾਂ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ 01 ਮਈ ਸਾਰੇ ਸੰਸਾਰ ਭਰ ਵਿੱਚ ਮਜ਼ਦੂਰ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ ਕਿਉਂਕਿ ਇਸ ਦਿਨ ਸ਼ਿਕਾਗੋ ਦੇ ਸ਼ਹੀਦਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਮਜ਼ਦੂਰਾਂ ਨੂੰ ਅੱਠ ਘੰਟੇ ਦੇ ਕੰਮ ਦਾ ਹੱਕ ਅਤੇ ਹੋਰ ਬਹੁਤ ਸਾਰੇ ਹੱਕ ਲੈ ਕੇ ਦਿੱਤੇ ਸਨ। ਇਸ ਲਈ ਸੰਸਾਰ ਭਰ ਵਿੱਚ ਕਿਰਤੀ ਕਾਮੇ ਲੋਕ ਉਹਨਾਂ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਦੇ ਹੋਏ ਮਜ਼ਦੂਰਾਂ ਦਾ ਲਾਲ ਝੰਡਾ ਲਹਿਰਾਉਂਦੇ ਹਨ ਅਤੇ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਤੇ ਉਹਨਾਂ ਦੇ ਹੱਲ ਲਈ ਵਿਚਾਰ ਚਰਚਾ ਕਰਕੇ ਹੱਕਾਂ ਦੀ ਲੜਾਈ ਦੀ ਰਣਨੀਤੀ ਉਹਨਾਂ ਸ਼ਹੀਦਾਂ ਦੀ ਪ੍ਰੇਰਣਾ ਨਾਲ ਬਣਾਉਂਦੇ ਹਨ। ਅੱਜ ਦੇ ਸਮੇਂ ਭਾਰਤ ਵਿੱਚ ਕਾਰਪੋਰੇਟ ਅਤੇ ਉਸਦੀ ਕਠਪੁਤਲੀ ਕੇਂਦਰ ਸਰਕਾਰ ਵੱਲੋਂ ਮਜ਼ਦੂਰਾਂ ਦੇ ਹੱਕਾਂ ਤੇ ਬੇਰਹਿਮੀ ਨਾ਼ਲ ਡਾਕਾ ਮਾਰਿਆ ਜਾ ਰਿਹਾ ਹੈ। ਜਿਸ ਲਈ ਕਿਰਤੀ ਜਮਾਤ ਦਾ ਵਿਸ਼ਾਲ ਏਕਤਾ ਕਾਇਮ ਕਰਕੇ ਇੱਕ ਵੱਡੀ ਲੜਾਈ ਲਈ ਤਿਆਰ ਹੋਣਾ ਲਾਜ਼ਮੀ ਹੈ। ਇਸ ਨੂੰ ਮੁੱਖ ਰੱਖਦਿਆਂ ਦੇਸ਼ ਦੀਆਂ ਮਜ਼ਦੂਰ ਪੱਖੀ ਟਰੇਡ ਯੂਨੀਅਨਾਂ 20 ਮਈ ਨੂੰ ਪੂਰੇ ਭਾਰਤ ਵਿੱਚ ਹੜਤਾਲ ਕਰ ਰਹੀਆਂ ਹਨ। ਬੁਲਾਰਿਆਂ ਨੇ ਸਮੂਹ ਸਮਾਜ ਦਰਦੀ ਜਥੇਬੰਦੀਆਂ ਅਤੇ ਸੱਜਣਾਂ ਨੂੰ ਸੱਦਾ ਦਿੰਦਿਆਂ ਇਸ ਹੜਤਾਲ ਨੂੰ ਪੂਰੇ ਤਨ ਮਨ ਨਾਲ ਕਾਮਯਾਬ ਕਰਕੇ ਕਾਰਪੋਰੇਟ ਦੇ ਹੱਲੇ ਨੂੰ ਨਾਕਾਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕਿਰਤੀ ਜਮਾਤ ਦੀ ਬੰਦ ਖਲਾਸੀ ਲਈ ਸਾਰੇ ਇਨਸਾਫ ਪਸੰਦ ਭਾਰਤੀਆਂ ਨੂੰ ਇਸ ਹੜਤਾਲ ਨੂੰ ਕਾਮਯਾਬ ਕਰਕੇ ਕੇਂਦਰ ਸਰਕਾਰ ਨੂੰ ਕਿਰਤੀ ਜਮਾਤ ਪੱਖੀ ਨੀਤੀਆਂ ਘੜਨ ਲਈ ਮਜਬੂਰ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਕਿਸਾਨ ਆਗੂ ਟਿੱਕਾ ਸਿੰਘ,ਯਨਰੇਗਾ ਮਜ਼ਦੂਰ ਆਗੂ ਰਾਮ ਕਿਸ਼ਨ ਸ਼ਰਮਾ ਸਾਬਕਾ ਪੰਚ, ਦੇਸਰਾਜ ਸ਼ਰਮਾ ਪੰਚ, ਪੂਨਮ ਕੁਮਾਰੀ ਪੰਚ, ਜਸਵੀਰ ਸਿੰਘ ਪੰਚ, ਸੀਤਾਰਾਮ ਸ਼ਰਮਾ, ਪਰਮਜੀਤ ਸਿੰਘ ਪੰਮਾ, ਓਕਾਰ ਸਿੰਘ, ਕਾਮਰੇਡ ਨੇਹਾ, ਪ੍ਰੀਤੀ ਦੇਵੀ ਮੇਟ ਮਨਸਾਲੀ, ਸਰਬਜੀਤ ਕੌਰ ਮੇਟ ਮਕੌੜੀ ਕਲਾਂ, ਕਾਮਰੇਡ ਅੰਜਨਾ ਦੇਵੀ, ਕਾਮਰੇਡ ਰਜਿੰਦਰ ਕੌਰ, ਟੀਟੂ, ਕੁਲਵਿੰਦਰ ਕੌਰ, ਕ੍ਰਿਸ਼ਨਾ ਕੁਮਾਰੀ ਮਨਸਾਲੀ, ਲਵਲੀ ਸ਼ਰਮਾ, ਸੁਰਮਖ ਸਿੰਘ ਪੰਮੀ, ਸ਼ਮਸ਼ੇਰ ਸਿੰਘ ਬੱਗਾ ਪੰਚ ਮਨਸਾਲੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਜ਼ਦੂਰ ਕਿਸਾਨ ਹਾਜ਼ਰ ਸਨ।

# ਸਿਰਜਣਾ ਕੇਂਦਰ ਵੱਲੋਂ .ਗਜ਼ਲ ਵਰਕਸ਼ਾਪ ਅਤੇ ਰੂ-ਬ-ਰੂ ਸਮਾਗਮ ਭਲਕੇ

**ਕਪੂਰਥਲਾ (ਕੌੜਾ)-** ਕਪੂਰਥਲਾ ਜ਼ਿਲ੍ਹੇ ਦੀ ਸਾਹਿਤਕ ਸੰਸਥਾ ਸਿਰਜਣਾ ਕੇਂਦਰ (ਰਜਿ.) ਵੱਲੋਂ ਆਪਣੇਂ ਸਮਾਗਮਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਹੋਇਆਂ ਸਭਾ ਵੱਲੋਂ ਮਿਤੀ 4 ਮਈ ਨੂੰ ਉਸਤਾਦ ਗ਼ਜ਼ਲਗੋ ਬਲਬੀਰ ਸਿੰਘ ਸੈਣੀ ਨਾਲ ਇੱਕ ਰੂ-ਬ-ਰੂ ਸਮਾਗਮ ਅਤੇ ਗ਼ਜ਼ਲ ਦੇ ਸਿੱਖਿਆਰਥੀਆਂ ਲਈ ਗ਼ਜ਼ਲ ਵਰਕਸ਼ਾਪ ਸਮਾਗਮ ਉਲੀਕਿਆ ਗਿਆ ਹੈ। ਕੇਂਦਰ ਦੇ ਪ੍ਰਧਾਨ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਅਤੇ ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਗਲੇਰੇ ਸਮੇਂ ਵਿੱਚ ਵੀ ਸਿਰਜਣਾ ਕੇਂਦਰ ਸਾਹਿਤ ਅਤੇ ਸੱਭਿਆਚਾਰ ਨੂੰ ਸਮਰਪਿਤ ਅਜਿਹੀਆਂ ਗਤੀਵਿਧੀਆਂ ਕਰਵਾਉਣ ਲਈ ਵਚਨਬੱਧ ਹੈ।



ਅਜਿਹੀਆਂ ਵਰਕਸ਼ਾਪਾਂ ਅਤੇ ਸਾਹਿਤਕ ਸਮਾਗਮਾਂ ਨਾਲ ਜਿੱਥੇ ਖੇਤਰ ਦੇ ਸ਼ਾਇਰਾਂ ਅਤੇ ਲੇਖਕਾਂ ਨੂੰ ਨਾਮਵਰ ਕਵੀਆਂ ਨੂੰ ਨੇੜਿਓਂ ਜਾਨਣ ਦਾ ਮੌਕਾ ਮਿਲੇਗਾ ਓਥੇ ਹੀ ਉਨ੍ਹਾਂ ਨੂੰ ਸਾਹਿਤ ਸਿਰਜਣ ਲਈ ਮਹੱਤਵਪੂਰਨ ਨੁਕਤਿਆਂ ਬਾਰੇ ਵੀ ਜਾਣਕਾਰੀ ਮਿਲੇਗੀ। ਇਸ ਸਮੇਂ ਕੇਂਦਰ ਦੇ ਸੀਨੀਅਰ ਮੀਤ ਪ੍ਰਧਾਨ ਆਸ਼ੂ ਕੁਮਰਾ, ਮੀਤ ਪ੍ਰਧਾਨ ਮਲਕੀਤ ਸਿੰਘ ਮੀਤ, ਪ੍ਰੈੱਸ ਸਕੱਤਰ ਅਵਤਾਰ ਸਿੰਘ ਗਿੱਲ, ਅਵਤਾਰ ਸਿੰਘ ਭੰਡਾਲ, ਡਾ. ਸੁਰਿੰਦਰਪਾਲ ਸਿੰਘ ਅਤੇ ਪ੍ਰਿੰ. ਕੇਵਲ ਸਿੰਘ ਰੱਤੜਾ ਮੌਜੂਦ ਸਨ।

# ਬਲਾਕ ਮਹਿਤਪੁਰ ਦੀਆਂ ਸੇਵਾਵਾਂ ਹਰ ਹਾਲ ਵਿਚ ਬਹਾਲ ਰਹਿਣਗੀਆਂ - ਨਰਿੰਦਰ ਪਾਲ ਸਿੰਘ ਚੰਦੀ

- ਬੀਜੇਪੀ ਵੱਲੋਂ ਧਰਨੇ, ਮੁਜ਼ਾਹਰੇ ਤੇ ਕਨੂੰਨੀ ਕਾਰਵਾਈ ਦੀ ਦਿੱਤੀ ਚਿਤਾਵਨੀ
- ਚੰਗੀਆਂ ਸੇਵਾਵਾਂ ਲਈ ਲਾਟੀਆ ਨੂੰ ਕੀਤਾ ਸਨਮਾਨਿਤ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)-** ਵਿਧਾਨ ਸਭਾ ਹਲਕਾ ਸ਼ਾਹਕੋਟ ਦਾ ਬਲਾਕ ਮਹਿਤਪੁਰ ਇਨ੍ਹਾਂ ਦਿਨਾਂ ਵਿਚ ਚਰਚਾਂ ਵਿਚ ਹੈ। ਪੰਜਾਬ ਸਰਕਾਰ ਵੱਲੋਂ ਪੁਨਰਗਠਨ ਨੂੰ ਲੈ ਕੇ ਦਿੱਤੇ ਅਦੇਸ਼ ਮੁਤਾਬਿਕ ਇਕ ਬਲਾਕ ਵਿੱਚ 80 ਪਿੰਡਾਂ ਦੀ ਸ਼ਰਤ ਰੱਖੀ ਗਈ ਹੈ। ਜਿਸ ਬਲਾਕ ਵਿੱਚ ਪਿੰਡਾਂ ਦੀ ਗਿਣਤੀ ਘਟ ਨਿਕਲਦੀ ਹੈ ਉਸਦਾ ਦੂਸਰੇ ਬਲਾਕ ਵਿੱਚ ਰਲੇਵਾਂ ਕੀਤਾ ਜਾ ਸਕਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਜੇਪੀ ਪਾਰਟੀ ਦੇ ਵਿਧਾਨਸਭਾ ਹਲਕਾ ਸ਼ਾਹਕੋਟ ਤੋਂ ਇੰਚਾਰਜ ਸ੍ਰ ਨਰਿੰਦਰਪਾਲ ਸਿੰਘ ਚੰਦੀ ਨੇ ਕਰਦਿਆਂ ਕਿਹਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮਨਸੂਬਿਆਂ ਨੂੰ ਬੂਰ ਨਹੀਂ ਪੈਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਲਾਕ ਮਹਿਤਪੁਰ ਦੀਆਂ ਪੰਚਾਇਤਾਂ ਅਤੇ ਪਬਲਿਕ ਵਿੱਚ ਸਹਿਮ ਦਾ ਮਾਹੌਲ ਹੈ। ਉਨ੍ਹਾਂ ਕਿਹਾ ਉਨ੍ਹਾਂ ਵੱਲੋਂ ਇਲਾਕੇ ਵਿਚ ਅਲੱਗ -ਅਲੱਗ ਪਿੰਡਾਂ ਦੇ ਲੋਕਾਂ ਨੂੰ ਮਿਲਕੇ ਉਨ੍ਹਾਂ ਜਾਣਕਾਰੀ ਇਕੱਠੀ ਕੀਤੀ ਹੈ। ਚੰਦੀ ਨੇ ਕਿਹਾ ਕਿ ਬਲਾਕ ਮਹਿਤਪੁਰ ਦੇ 50 ਪਿੰਡ ਹਨ ਇਹ ਬਲਾਕ ਸੰਨ 2011 ਤੋਂ ਬਲਾਕ ਦੀਆਂ 59 ਦੇ ਕਰੀਬ ਪੰਚਾਇਤਾਂ ਇਸ ਬਲਾਕ ਦਾ ਨਿਰੰਤਰ ਲਾਭ ਲੈ ਰਹੀਆਂ ਹਨ। ਅਚਾਨਕ ਸਰਕਾਰ ਨੂੰ ਪੁਨਰਗਠਨ ਅਧੀਨ ਮਹਿਤਪੁਰ ਬਲਾਕ ਦਾ ਰਲੇਵਾਂ ਕਰਨ ਦੀ ਕੀ ਲੋੜ ਪੈ ਗਈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਮੁੱਢਲਾ ਸਿਹਤ ਕੇਂਦਰ ਮਹਿਤਪੁਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਦੀ ਬਜਾਏ ਜਨਤਾ ਦੀਆਂ ਸੇਵਾਵਾਂ ਨੂੰ ਅੱਖੋ ਪਰੋਖੇ ਕਰਦਿਆਂ ਪਬਲਿਕ ਦੇ ਵਿਰੋਧ ਦੇ ਬਾਵਜੂਦ ਮੁਢਲੇ ਸਿਹਤ ਕੇਂਦਰ ਵਿਚ ਮਹੱਲਾ ਕਲੀਨਿਕ ਖੋਲ੍ਹ ਕੇ ਨਰਾਜ਼ਗੀ ਖੱਟੀ ਹੈ। ਤੇ ਰਹਿੰਦੀ ਕਸਰ ਮੁੱਢਲਾ ਸਿਹਤ ਕੇਂਦਰ ਮਹਿਤਪੁਰ ਵਿਚ ਨਸ਼ਾ ਛੁਡਾਊ ਕੇਂਦਰ ਖੋਲ ਕੇ ਕੱਢ ਦਿੱਤੀ। ਅੱਜ ਯੁੱਧ ਨਸ਼ਿਆਂ ਵਿਰੁੱਧ ਨਾਹਰੇ ਦੇ ਬਾਵਜੂਦ ਨਸ਼ਾ ਛੁਡਾਊ ਕੇਂਦਰ ਵਿਚ ਨਸ਼ੇ ਦੇ ਰੋਗੀਆਂ ਦੀ ਗਿਣਤੀ ਲਗਾਤਾਰ ਵਧਦਾ ਗੰਭੀਰ ਚਿੰਤਾਂ ਦਾ ਵਿਸ਼ਾ ਹੈ। ਚੰਦੀ ਨੇ ਕਿਹਾ ਕਿ ਬਲਾਕ ਮਹਿਤਪੁਰ ਨਰੇਗਾ ਮਜ਼ਦੂਰਾਂ ਸਮੇਤ, ਪੰਚਾਇਤਾਂ ਦੇ ਕੰਮਾਂ ਲਈ ਸੇਵਾਵਾਂ ਦੇ ਰਿਹਾ ਹੈ ਇਸ ਦੀਆਂ ਸੇਵਾਵਾਂ ਕਿਸੇ ਕੀਮਤ ਤੇ ਬੰਦ ਨਹੀਂ ਹੋਣ ਦਿਤੀਆਂ ਜਾਂਦੀਆਂ। ਅਤੇ ਬੀਜੇਪੀ ਪਾਰਟੀ ਵੱਲੋਂ ਮੈਂ ਤੁਹਾਡਾ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਇੰਚਾਰਜ ਹੋਣ ਦੇ ਨਾਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੰਨਤਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਬਲਾਕ ਮਹਿਤਪੁਰ ਦੀਆਂ ਸੇਵਾਵਾਂ ਬਹਾਲ ਰੱਖਣ ਲਈ ਬੀਜੇਪੀ ਪਾਰਟੀ ਜਿਥੇ ਪ੍ਰਸ਼ਾਸਨ ਨੂੰ ਬਲਾਕ ਮਹਿਤਪੁਰ ਨਾਲ ਹੋਰ ਪਿੰਡਾਂ ਨੂੰ ਜੋੜਨ ਲਈ ਮਜਬੂਰ ਕਰ ਦਵੇਗਾ ਉਥੇ ਪਾਰਟੀ ਧਰਨਾ, ਮੁਜ਼ਾਹਰਾ, ਤੇ ਕਨੂੰਨੀ ਲੜਾਈ ਲੜਨ ਤੋਂ ਵੀ ਪਿਛੇ ਨਹੀਂ ਹਟੇਗੀ। ਇਸ ਮੌਕੇ ਨਰਿੰਦਰ ਪਾਲ ਸਿੰਘ ਚੰਦੀ ਹ਼ਲਕਾ ਇੰਚਾਰਜ ਬੀਜੇਪੀ ਵਿਧਾਨ ਸਭਾ ਹਲਕਾ ਸ਼ਾਹਕੋਟ ਵੱਲੋਂ ਪਾਰਟੀ ਵਿਚ ਚੰਗੀਆਂ ਸੇਵਾਵਾਂ ਨਿਭਾਉਣ ਬਦਲੇ ਪਾਰਟੀ ਦੇ ਹੋਣਹਾਰ ਆਗੂ ਰਜਿੰਦਰ ਸਿੰਘ ਲਾਟੀਆ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।



# ਜਵੱਦੀ ਟਕਸਾਲ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਤਾਬਦੀ ਦੇ ਸੰਬੰਧ 'ਚ ਤਿੰਨ ਰੋਜ਼ਾ ਵਿਸ਼ਵ ਕਾਨਫਰੰਸ 10,11 ਅਤੇ 12 ਮਈ ਨੂੰ : ਸੰਤ ਅਮੀਰ ਸਿੰਘ ਜੀ

## ਗੁਰੂ ਸਾਹਿਬ ਜੀ ਦੇ ਜੀਵਨ, ਬਾਣੀ ਅਤੇ ਸ਼ਹਾਦਤ ਦੇ ਸੰਬੰਧ 'ਚ ਵਿਦਵਾਨ ਵਿਚਾਰ ਸਾਂਝੇ ਕਰਨਗੇ : ਸੰਤ ਬਾਬਾ ਅਮੀਰ ਸਿੰਘ ਜੀ

**ਲੁਧਿਆਣਾ ਮਈ ( ਕਰਨੈਲ ਸਿੰਘ ਐੱਮ.ਏ.)** ਵਿਸਮਾਦੁ ਨਾਦੁ ਸੰਸਥਾ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ "ਜਵੱਦੀ ਟਕਸਾਲ" ਵੱਲੋਂ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਕਾਨਫਰੰਸ ਦੇ ਰੂਪ ਵਿੱਚ ਇੱਕ ਨਿਗੂਣਾ ਜਿਹਾ ਉਪਰਾਲਾ ਕੀਤਾ ਜਾ ਰਿਹਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਸੰਤ ਗਿਆਨੀ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਕਰਦਿਆਂ ਦੱਸਿਆ ਕਿ ਪੋ: ਹਿਮਾਂਦਰੀ ਬੈਨਰਜੀ ਸਾਬਕਾ ਮੁਖੀ ਗੁਰੂ ਨਾਨਕ ਚੇਅਰ ਜਾਦਵਪੁਰ, ਡਾ: ਐੱਸ. ਪੀ. ਸਿੰਘ ਉਬਰਾਏ, ਪੋ: ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀ:, ਪੋ: ਦਵਿੰਦਰ ਸਿੰਘ ਸਿੱਧੂ, ਡਾ: ਅਨੁਰਾਗ ਸਿੰਘ, ਡਾ: ਹਰਜੋਧ ਸਿੰਘ, ਸ੍ਰ: ਰਣਜੋਧ ਸਿੰਘ ਜੀ ਐੱਸ ਵਾਲੇ, ਡਾ: ਕੁਲਦੀਪ ਚੰਦ ਅਗਨੀਹੋਤਰੀ, ਡਾ:



ਸੁਰਿੰਦਰਪਾਲ ਸਿੰਘ ਸੁੰਨੜ ਯੂ.ਐੱਸ. ਏ., ਪ੍ਰੋ: ਬਲਜਿੰਦਰ ਕੌਰ ਖਹਿਰਾ, ਡਾ: ਗੁਜਣਜੋਤ ਕੌਰ ਪਟਿਆਲਾ, ਡਾ: ਭਲਿੰਦਰ ਸਿੰਘ, ਪ੍ਰਿੰਸੀਪਲ ਬਲਜੀਤ ਸਿੰਘ, ਡਾ: ਸਹਿਜਪਾਲ ਸਿੰਘ, ਡਾ: ਮਨਦੀਪ ਸਿੰਘ, ਡਾ: ਸਤੀਸ਼ ਕੁਮਾਰ ਸ਼ਰਮਾ, ਭਾਈ ਮਤੀਦਾਸ ਜੀ ਦੇ ਪ੍ਰਵਾਰ ਵਿੱਚੋਂ ਸ੍ਰ: ਚਰਨਜੀਤ ਸਿੰਘ ਆਦਿ ਹੋਰ ਵੀ ਨਾਮਵਰ ਵਿਦਵਾਨ ਸਾਹਿਬਾਨ ਗੁਰੂ ਸਾਹਿਬ ਜੀ ਦੇ ਜੀਵਨ ਦਰਸ਼ਨ, ਸ਼ਹੀਦੀ, ਬਿਰਤਾਂਤ ਅਤੇ ਜੋ ਉਹਨਾਂ ਵੱਲੋਂ ਸਮੇਂ-ਸਮੇਂ ਕੀਤੀਆਂ ਬਖਸ਼ਿਸ਼ਾਂ, ਉਹਨਾਂ ਦਾ ਅਕਾਦਮਿਕ ਤੌਰ ਤੇ ਮੁਲਾਂਕਣ ਕਰਕੇ ਬੜੀ ਨੇੜਿਉ ਸਮਝਣ ਦਾ ਸਬੱਬ ਬਣੇਗਾ। ਡਾ: ਮਦਨਜੀਤ ਕੌਰ ਅਤੇ ਭਾਈ ਬਲਦੀਪ ਸਿੰਘ ਨੂੰ ਸਨਮਾਨਿਤ ਕੀਤਾ ਜਾਵੇਗਾ। ਬਾਬਾ ਜੀ ਨੇ ਦੱਸਿਆ ਕਿ ਸਾਡੇ ਵੱਡੇ ਮਹਾਂਪੁਰਸ ਸੰਤ ਬਾਬਾ ਸੁਚਾ ਸਿੰਘ ਜੀ ਨੇ ਜਿੱਥੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਦੇ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਦੀ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ, ਉਥੇ ਅਕਾਦਮਿਕ ਤੌਰ ਤੇ ਗੁਰੂ ਸਾਹਿਬ ਜੀ ਦੇ ਫਲਸਫੇ ਨੂੰ ਰਾਸ਼ਟਰੀ, ਅੰਤਰਰਾਸ਼ਟਰੀ ਪੱਧਰ ਦੇ ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਕਰਵਾ ਕੇ ਬੜਾ ਨੇੜਿਉ ਜਾਨਣ ਦਾ ਸੁਭਾਗ ਵੀ ਸਾਨੂੰ ਬਖਸ਼ਿਸ਼ ਕੀਤਾ। ਉਸੇ ਦੇ ਅੰਤਰਗਤ ਹੀ ਅੱਜ ਇਸ ਕਾਨਫਰੰਸ ਨੂੰ ਕੀਤਾ ਜਾ ਰਿਹਾ ਹੈ, ਜਿਸ ਦਾ ਉਦੇਸ਼ ਕੇਵਲ ਤੇ ਕੇਵਲ ਇੰਨਾ ਹੈ ਕਿ ਅਸੀ ਵੀ ਰਲ-ਮਿਲ ਇਸ ਤਿੰਨ ਦਿਨਾਂ ਕਾਨਫਰੰਸ ਦਾ ਹਿੱਸਾ ਬਣੀਏ ਅਤੇ ਗੁਰੂ ਸਾਹਿਬ ਜੀ ਦੇ ਮਹਾਨ ਪਰਉਪਕਾਰਾਂ ਨੂੰ ਸਮਝਣ ਲਈ ਅਕਾਦਮਿਕ ਤੌਰ ਤੇ ਰਲ ਮਿਲ ਬੈਠ ਬਾਤਾਂ ਪਾਈਏ ਤੇ ਸੁਣੀਏ।

# ਸਿੱਖਿਆ ਦੇ ਖੇਤਰ 'ਚ ਸੁਧਾਰ ਨਾਲ ਸਮਾਜ ਦੇ ਹਰ ਵਰਗ ਨੂੰ ਹੋਵੇਗਾ ਲਾਭ – ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ ਕਰੀ 41 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰੀ ਐਲੀਮੈਂਟਰੀ ਸਕੂਲ ਪਿੱਪਲਾਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਪਲਾਵਾਲਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬੂਲਾਂਵਾੜੀ ਵਿੱਚ ਨਵੇਂ ਕਲਾਸਰੂਮਾਂ ਅਤੇ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਜਿੰਪਾ ਨੇ ਇਸ ਮੌਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।



ਉਨ੍ਹਾਂ ਕਿਹਾ ਕਿ ਇਸ ਵਾਰ ਸਰਕਾਰ ਨੇ ਸਿੱਖਿਆ ਲਈ 18 ਹਜ਼ਾਰ ਕਰੋੜ ਰੁਪਏ ਦਾ ਬਜਟ ਰੱਖਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਸਿੱਖਿਆ ਖੇਤਰ ਨੂੰ ਤਰਜੀਹ ਦੇਣ ਵਿੱਚ ਕਿੰਨੀ ਗੰਭੀਰ ਹੈ। ਉਨ੍ਹਾਂ ਕਿਹਾ ਕਿ ਇਹ ਵਿਕਾਸ ਕਾਰਜ ਨਾ ਸਿਰਫ਼ ਵਿਦਿਆਰਥੀਆਂ ਨੂੰ ਬਿਹਤਰ ਵਿਦਿਅਕ ਮਾਹੌਲ ਪ੍ਰਦਾਨ ਕਰਨਗੇ ਬਲਕਿ ਅਧਿਆਪਕਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਵਿੱਚ ਵੀ ਮਦਦ ਕਰਨਗੇ। ਵਿਧਾਇਕ ਨੇ ਇਹ ਵੀ ਕਿਹਾ ਕਿ ਸਿੱਖਿਆ ਖੇਤਰ ਵਿੱਚ ਸੁਧਾਰ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਏਗਾ ਅਤੇ ਇਹ ਸੂਬੇ ਦੇ ਸਮੁੱਚੇ ਵਿਕਾਸ ਵਿੱਚ ਯੋਗਦਾਨ ਪਾਵੇਗਾ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਵਿੱਚ ਸੁਧਾਰ ਲਈ ਹਰ ਸੰਭਵ ਕਦਮ ਚੁੱਕੇਗੀ ਅਤੇ ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਲਗਾਤਾਰ ਯਤਨਸ਼ੀਲ ਰਹੇਗੀ। ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੱਡੇ ਕਦਮ ਚੁੱਕੇ ਜਾਣਗੇ।

# ਪ੍ਰਗਤੀਸ਼ੀਲ ਲੇਖਕ ਸੰਘ ਨੇ ਕਰਵਾਇਆ ਰੂਬਰੂ ਸਮਾਗਮ

## ਭਾਰਤੀ ਭਾਸ਼ਾਵਾਂ ਸਾਹਿਤ ਦਰਮਿਆਨ ਪੁਲ ਦਾ ਕੰਮ ਕਰਦੀਆਂ ਹਨ – ਡਾਕਟਰ ਸਿਰਸਾ

**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ ਦੀ ਬਰਨਾਲਾ ਇਕਾਈ ਨੇ ਸਥਾਨਕ ਐਸ ਡੀ ਕਾਲਜ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਕਰਦਿਆਂ ਹਿਮਾ-ਚਲ ਪ੍ਰਦੇਸ਼ ਦੇ ਪ੍ਰਸਿੱਧ ਸ਼ਾਇਰ ਦੇਵੇਂਦਰ ਧਰ ਦਾ ਰੂਬਰੂ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਆਲੋਚਕ ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਕੀਤੀ ਅਤੇ ਡਾਕਟਰ ਜੋਗਿੰਦਰ ਸਿੰਘ ਨਿਰਾਲਾ ਬਤੌਰ ਮੁੱਖ ਮਹਿਮਾਨ, ਹਰਜਤਿੰਦਰ ਪਾਲ ਗੁਪਤਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਪਰਲੇਸ ਪੰਜਾਬ ਦੇ ਪ੍ਰਧਾਨ ਸੁਰਜੀਤ ਜੱਜ ਨੇ ਕਿਹਾ ਕਿ ਇਹ ਸਮਾਗਮ ਇਸ ਕਰਕੇ ਮਹੱਤਵਪੂਰਨ ਹੈ ਕਿ ਚੈਪਟਰ ਮਿੱਤਰਤਾ ਰਾਹੀਂ ਭਾਰਤੀ ਭਾਸ਼ਾਵਾਂ ਬਾਰੇ ਨਿਰੋਈ ਸੋਚ ਨੂੰ ਲੈਕੇ ਆਰੰਭ ਹੋਇਆ। ਕੁਲਦੀਪ ਸਿੰਘ ਦੀਪ ਸਕੱਤਰ ਪਰਲੇਸ ਨੇ ਦੇਵੇਂਦਰ ਧਰ ਦੀ ਜਾਣ ਪਹਿਚਾਣ ਕਰਵਾਉਂਦਿਆਂ ਕਿਹਾ ਕਿ ਕਵੀ ਹਿਮਾਚਲ ਦੇ ਸੱਭਿਆਚਾਰ ਨੂੰ ਆਪਣੀ ਕਵਿਤਾ ਰਾਹੀਂ ਉਜਾਗਰ ਕਰਦਾ ਹੈ। ਸ਼ਾਇਰ ਧਰ ਨੇ ਆਪਣੀ ਕਵਿਤਾ ਦੀ ਸਿਰਜਣਾ ਬਾਰੇ ਬੋਲਦਿਆਂ ਕਿਹਾ ਕਿ ਇਹ ਕੋਈ ਕੁਦਰਤੀ ਵਰਤਾਰਾ ਹੈ ਜਿਸ ਨੂੰ ਬਿਆਨ ਕਰਨਾ ਮੁਸ਼ਕਿਲ ਹੈ। ਉਹਨਾਂ ਆਪਣੇ ਜੀਵਨ ਦੇ ਸੰਘਰਸ਼ ਤੋਂ ਲੈਕੇ ਨੌਕਰੀ ਦੌਰਾਨ ਆਈਆਂ ਮੁਸ਼ਕਿਲਾਂ ਬਾਰੇ ਵੀ ਵਿਸਥਾਰ ਸਹਿਤ ਦਸਿਆ। ਉਹਨਾਂ ਹਿਮਾਚਲ ਪ੍ਰਦੇਸ਼ ਦੀ ਸੰਸਕ੍ਰਿਤੀ ਅਤੇ ਸੰਘਰਸ਼ ਦੀਆਂ ਕਵਿਤਾਵਾਂ ਪੇਸ਼ ਕੀਤੀਆਂ। ਡਾਕਟਰ ਜੋਗਿੰਦਰ ਸਿੰਘ ਨਿਰਾਲਾ



ਨੇ ਪਰਲੇਸ ਨੂੰ ਮੁਨਸ਼ੀ ਪ੍ਰੇਮ ਚੰਦ ਦੇ ਨਕਸ਼ੇ ਕਦਮਾਂ ਤੇ ਤੁਰਨ ਵਾਲੀ ਸੰਸਥਾ ਕਿਹਾ। ਹਰਜਤਿੰਦਰ ਪਾਲ ਗੁਪਤਾ ਨੇ ਚੈਪਟਰ ਮਿੱਤਰਤਾ ਦੀ ਸ਼ੁਰੂਆਤ ਤੇ ਵਧਾਈ ਦਿੱਤੀ। ਪਰਲੇਸ ਪੰਜਾਬ ਦੇ ਕਨਵੀਨਰ ਸ਼ਾਇਰ ਤਰਸੇਮ ਨੇ ਚੈਪਟਰ ਮਿੱਤਰਤਾ ਪ੍ਰੋਜੈਕਟ ਬਾਰੇ ਦੱਸਿਆ ਕਿ ਅਸੀਂ ਅਕਸਰ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਨੂੰ ਮਿਲਣੋਂ ਵਿਰਵੇ ਰਹਿ ਜਾਂਦੇ ਹਾਂ। ਇਸ ਪ੍ਰੋਜੈਕਟ ਰਾਹੀਂ ਭਾਰਤੀ ਭਾਸ਼ਾ ਦੇ ਜਿਸ ਲੇਖਕ ਨੂੰ ਮਿਲਾਂਗੇ ਹੀ ਨਹੀਂ ਸਗੋਂ ਉਥੋਂ ਦੇ ਸਾਹਿਤ, ਸਮਾਜ ਅਤੇ ਸੱਭਿਆਚਾਰ ਬਾਰੇ ਵੀ ਜਾਣਕਾਰੀ ਪ੍ਰਾਪਤ ਕਰੇਆ ਕਰਾਂਗੇ। ਡਾਕਟਰ ਸਿਰਸਾ ਨੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਦੇਵੇਂਦਰ ਧਰ ਹਿਮਾਚਲ ਖੇਤਰ ਦੇ ਵੱਡੇ ਸ਼ਾਇਰ ਅਤੇ ਚਿੰਤਕ ਹਨ। ਜਿਨ੍ਹਾਂ ਨੇ ਹਿਮਾਚਲ ਦੇ ਸੰਘਰਸ਼ ਨੂੰ, ਸੰਸਕ੍ਰਿਤੀ ਨੂੰ ਆਪਣੀ ਕਵਿਤਾ ਵਿਚ ਫੈਲਾਇਆ ਹੈ। ਉਹਨਾਂ ਕਿਹਾ ਕਿ ਧਰ ਦੀ ਕਵਿਤਾ ਸਮਾਜ ਵਿਚ ਵਾਪਰ ਰਹੇ ਅਸਾਵੇਂ ਮਾਹੌਲ ਚਿੰਨਿਤ ਨਹੀਂ ਕਰਦੀ ਬਲਕਿ ਲੋਕਾਂ ਨੂੰ ਆਪਣੇ ਨਾਲ ਲੈਕੇ ਤੁਰਦੀ ਹੈ। ਇਸ ਕਵਿਤਾ ਵਿਚੋਂ ਲੋਕ ਵੇਦਨਾ ਭਰਪੂਰ ਰੂਪ ਵਿੱਚ ਉਜਾਗਰ ਹੁੰਦੀ ਹੈ। ਉਹਨਾਂ ਭਾਰਤੀ ਭਾਸ਼ਾਵਾਂ ਨੂੰ ਸਾਹਿਤ ਦਰਮਿਆਨ ਪੁਲ ਦਸਿਆ। ਇਸ ਦੌਰਾਨ ਤ੍ਰੈਮਾਸਿਕ ਰਸਾਲਾ ਤਾਸਮਨ ਦਾ ਸਤਾਰਵਾਂ ਅੰਕ ਲੋਕ ਅਰਪਣ ਕੀਤਾ। ਨਾਵਲਕਾਰ ਓਮ ਪ੍ਰਕਾਸ਼ ਗਾਸੋ, ਡਾਕਟਰ ਤਰਸਪਾਲ ਕੌਰ ਅਤੇ ਮੇਜਰ ਸਿੰਘ ਗਿੱਲ ਨੇ ਅਜਿਹੇ ਸਮਾਗਮ ਨੂੰ ਲੇਖਕਾਂ ਲਈ ਊਰਜਾਵਾਨ ਪ੍ਰੇਰਣਾ ਕਿਹਾ। ਸਮਾਗਮ ਦੇ ਦੂਜੇ ਭਾਗ ਵਿਚ ਰਾਮ ਸਰੂਪ ਸ਼ਰਮਾ, ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ, ਇਕਬਾਲ ਕੌਰ ਉਦਾਸੀ, ਹਾਕਮ ਸਿੰਘ ਰੂੜੇਕੇ, ਤੇਜਾ ਸਿੰਘ ਤਿਲਕ, ਭੋਲਾ ਸਿੰਘ ਸੰਘੇੜਾ, ਡਾਕਟਰ ਹਰਿਭਗਵਾਨ, ਜੰਗੀਰ ਸਿੰਘ ਦਿਲਬਰ, ਦਰਸ਼ਨ ਸਿੰਘ ਚੀਮਾ, ਰਾਜਿੰਦਰ ਸ਼ੌਂਕੀ, ਰਘਬੀਰ ਸਿੰਘ ਗਿੱਲ, ਡਾਕਟਰ ਹਰੀਸ਼, ਕੁਲਵਿੰਦਰ ਕੌਸ਼ਲ, ਪਵਨ ਪਰਿੰਦਾ, ਐਸ ਐਸ ਗਿੱਲ, ਗੁਰਮੇਲ ਰੁੜੇਕੇ, ਕੁਲਦੀਪ ਭੁੱਲਰ, ਰਾਜਿੰਦਰ ਕੁਮਾਰ, ਰਬਿੰਦਰ ਸ਼ਰਮਾ, ਜਗਜੀਤ ਕੌਰ ਢਿੱਲਵਾਂ, ਜੰਗ ਸਿੰਘ ਫੱਟੜ, ਦਰਸ਼ਨ ਗੁਰੂ, ਡਾਕਟਰ ਭੁਪਿੰਦਰ ਸਿੰਘ ਬੇਦੀ ਆਦਿ ਅਦੀਬਾਂ ਨੇ ਕਵੀ ਦਰਬਾਰ ਵਿੱਚ ਉਚੇਚੇ ਤੌਰ ਤੇ ਭਾਗ ਲਿਆ।

# "ਪ੍ਰੈਸ ਦੀ ਸੁਤੰਤਰਤਾ ਲੋਕਤੰਤਰੀ ਪ੍ਰਣਾਲੀ ਲਈ ਅਹਿਮ"

ਪ੍ਰੈਸ ਨੂੰ ਲੋਕਤੰਤਰ ਦੇ ਚੌਥੇ ਥੰਮ ਵਜੋਂ ਵੀ ਜਾਣਿਆ ਜਾਂਦਾ ਹੈ ਇਹ ਬਿਲਕੁਲ ਸੱਚ ਵੀ ਹੈ ਕਿ ਕਿਸੇ ਵੀ ਦੇਸ਼ ਦੀ ਪ੍ਰੈਸ ਉਥੋਂ ਦੇ ਲੋਕਤੰਤਰ ਅਤੇ ਵਿਕਾਸ ਲਈ ਬਹੁਤ ਹੀ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਦੀ ਪ੍ਰੈਸ ਅਤੇ ਮੀਡਿਆ ਅਜ਼ਾਦ ਹਨ ਅਤੇ ਉਹ ਬਿਨਾਂ ਕਿਸੇ ਰਾਜਨੀਤਕ ਦਬਾਅ ਤੋਂ ਦੇਸ਼ ਦੀ ਭਲਾਈ ਲਈ ਕੰਮ ਕਰਦੇ ਹਨ। ਪ੍ਰੈਸ ਦੀ ਆਜ਼ਾਦੀ ਨੂੰ ਲੋਕਤੰਤਰ ਦਾ ਆਧਾਰ ਮੰਨਿਆ ਗਿਆ ਹੈ। ਨਾਗਰਿਕਾਂ ਨੂੰ ਜਾਣਕਾਰੀ ਤੱਕ ਪਹੁੰਚ ਕਰਨ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਜਨਤਕ ਭਾਸ਼ਣ ਵਿੱਚ ਹਿੱਸਾ ਲੈਣ ਦੇ ਯੋਗ ਬਣਾਉਂਦਾ ਹੈ। ਇੱਕ ਸੁਤੰਤਰ ਪ੍ਰੈਸ ਇੱਕ ਪਹਿਰੇਦ-ਾਰ ਵਾਂਗ ਕੰਮ ਕਰਦਾ ਹੈ, ਭ੍ਰਿਸ਼ਟਾਚਾਰ, ਬੇਇਨਸਾਫ਼ੀ ਅਤੇ ਸ਼ਕਤੀ ਦੀ ਦੁਰਵਰਤੋਂ ਦਾ ਪਰਦਾਫਾਸ਼ ਕਰਦਾ ਹੈ। ਇਹ ਵਿਅਕਤੀਆਂ ਨੂੰ ਸੂਚਿਤ ਫੈਸਲੇ ਲੈਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਸਰਕਾਰਾਂ ਅਤੇ ਸੰਸਥਾਵਾਂ ਉਨ੍ਹਾਂ ਲੋਕਾਂ ਪ੍ਰਤੀ ਪਾਰਦਰਸ਼ੀ ਅਤੇ ਜਵਾਬਦੇਹ ਰਹਿਣ, ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ। ਬਦਕਿਸਮਤੀ ਨਾਲ, ਦੁਨੀਆ ਭਰ ਵਿੱਚ ਪ੍ਰੈਸ ਦੀ ਆਜ਼ਾਦੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੱਤਰਕਾਰਾਂ ਨੂੰ ਅਕਸਰ ਸਿਰਫ਼ ਆਪਣੇ ਕੰਮ ਕਰਨ ਲਈ ਪਰੇਸ਼ਾਨੀ, ਧਮਕਾਉਣ, ਸੈਂਸਰਸਿਪ ਅਤੇ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਰਿਪੋਰਟਰਜ਼ ਵਿਦਾਉਟ ਬਾਰ-ਡਰਜ਼ ਦੇ ਅਨੁਸਾਰ, ਹਰ ਸਾਲ ਸੈਂਕੜੇ ਪੱਤਰਕਾਰਾਂ ਨੂੰ ਡਿਊਟੀ ਦੌਰਾਨ ਕੈਦ ਕੀਤਾ ਜਾਂਦਾ ਹੈ, ਹਮਲਾ ਕੀਤਾ ਜਾਂਦਾ ਹੈ ਜਾਂ ਮਾਰਿਆ ਤੱਕ ਜਾਂਦਾ ਹੈ। ਇਹ ਹਮਲੇ ਨਾ ਸਿਰਫ਼ ਪੱਤਰਕਾਰਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਨੂੰ ਖ਼ਤਰੇ ਵਿਚ ਪਾਉਂਦੇ ਹਨ ਬਲਕਿ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਬੁਨਿਆਦੀ ਸਿਧਾਂਤਾਂ ਨੂੰ ਵੀ ਕਮਜ਼ੋਰ ਕਰਦੇ ਹਨ। ਪ੍ਰੈਸ ਦੀ ਆਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 03 ਮਈ ਦੇ ਦਿਹਾੜੇ ਨੂੰ ਪ੍ਰੈਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ। ਉਸਤੋਂ ਬਾਦ ਹੁਣ ਹਰ ਸਾਲ 03 ਮਈ ਨੂੰ ਪ੍ਰੈਸ ਅਜ਼ਾਦੀ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਸਰਕਾਰਾਂ ਵਲੋਂ ਅਤੇ ਮੀਡੀਆ ਉਦਯੋਗ ਨਾਲ ਜੁੜੇ ਲੋਕਾਂ ਵਲੋਂ ਵਿਸ਼ੇਸ਼ ਤੌਰ ਤੇ ਪ੍ਰੈਸ ਦੇ ਕੰਮ ਕਾਰ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਪ੍ਰੈਸ ਨੂੰ ਨਿਰਪੱਖ ਅਜ਼ਾਦ ਰੂਪ ਵਿੱਚ ਕੰਮ ਕਰਨ ਲਈ ਠੋਸ ਨੀਤੀਆਂ ਬਣਾਈਆਂ ਜਾਂਦੀਆਂ ਹਨ। ਅੱਜ ਭਾਰਤ ਵਿੱਚ ਪ੍ਰੈਸ ਜਾ ਮੀਡੀਆ ਦਾ ਜ਼ਿਆਦਾ ਤਰ ਹਿੱਸਾ ਬਿਜ਼ਨਸ ਪੱਖੋਂ ਵਿਚਰ ਰਿਹਾ ਹੈ ਬਹੁਤ ਸਾਰੇ ਚੈਨਲ ਜਾਂ ਅਖ਼ਵਾਰ ਰਾਜਨੀਤਕ ਜਾਂ ਵਪਾਰਕ ਲੋਕਾਂ ਦਾ ਹਿੱਸਾ ਬਣਦੇ ਜਾ ਰਹੇ ਹਨ ਅਤੇ ਉਨ੍ਹਾਂ ਦਾ ਮੁੱਖ ਮਕਸਦ ਪ੍ਰੈਸ ਜਾ ਮੀਡੀਆ ਨੂੰ ਵਪਾਰਕ ਤੌਰ ਤੇ ਇਸਤੇਮਾਲ ਕਰਨਾ ਹੈ। ਇਹੋ ਜਿਹੇ ਪੱਖ ਭਾਰੂ ਹੋਣ ਕਾਰਨ ਬਹੁਤ ਸਾਰੇ ਅਦਾਰੇ ਸਮਾਜਿਕ ਸਰੋਕਾਰਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਮੀਡੀਆ ਨੂੰ ਸਮਾਜ ਨਾਲ ਜੁੜਕੇ ਆਮ ਲੋਕਾਂ ਦੀ ਆਵਾਜ਼ ਬਣਨਾ ਚਾਹੀਦਾ ਹੈ। ਕੁੱਝ ਸਾਲ ਪਹਿਲਾਂ ਤੱਕ




ਪੱਤਰਕਾਰਤਾ ਇੱਕ ਮਿਸ਼ਨ ਸੀ ਤੇ ਸਮਾਜ ਪ੍ਰਤੀ ਮੀਡੀਆ ਨਾਲ ਜੁੜੇ ਲੋਕਾਂ ਦੀ ਵਿਸ਼ੇਸ਼ ਜਿੰਮੇਵਾਰੀ ਹੁੰਦੀ ਸੀ ਪਰ ਹੁਣ ਵਪਾਰਕ ਪੱਖ ਭਾਰੂ ਹੋਣ ਕਾਰਨ ਸਮਾਜਿਕ ਸਰੋਕਾਰ



ਕੁਲਦੀਪ ਸਿੰਘ ਸਾਹਿਲ
9417990048

ਹੋਲੀ ਹੋਲੀ ਗਾਇਬ ਹੋ ਰਹੇ ਹਨ। ਪੱਤਰਕਾਰਾਂ, ਅਤੇ ਮੀਡੀਆ ਦੀ ਸਮਾਜ ਅਤੇ ਦੇਸ਼ ਦੇ ਲੋਕਾਂ ਪ੍ਰਤੀ ਵੀ ਉਨ੍ਹਾਂ ਦੇ ਹੱਕਾਂ, ਉਨ੍ਹਾਂ ਨਾਲ ਹੁੰਦੇ ਅਨਿਆਂ ਵਿਰੁੱਧ ਬੋਲਣ ਅਤੇ ਲਿਖਣ ਦੀ ਜ਼ਿਮੇਵਾਰੀ ਵੀ ਬਣਦੀ ਹੈ। ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਗਰੀਬ ਲੋਕਾਂ ਦੀਆਂ ਖਬਰਾਂ ਦਬ ਕੇ ਰਹਿ ਜਾਂਦੀਆਂ ਹਨ। ਪੜ੍ਹਾਈ ਜਾਂ ਸਮਾਜਿਕ ਭਲਾਈ ਕੰਮਾਂ ਲਈ ਪ੍ਰੈਸ ਜਾ ਮੀਡੀਆ ਆਪਣੀ ਪੂਰੀ ਜ਼ਿਮੇਵਾਰੀ ਨਿਭਾਉਣ ਵਿਚ ਸਫ਼ਲ ਨਹੀਂ ਹੁੰਦੇ। ਕਈ ਅਖਬਾਰਾਂ ਤੇ ਹੋਰਨਾਂ ਮੀਡੀਆ ਅਦਾਰਿਆਂ ਨੇ ਵਪਾਰਕ ਹਿੱਤਾਂ ਨੂੰ ਪਹਿਲ ਨਾ ਦਿੰਦੇ ਹੋਏ ਜਿੱਥੇ ਆਪਣੀ ਸਾਖ ਬਣਾ ਕੇ ਰੱਖੀ ਹੋਈ ਹੈ ਉੱਥੇ ਸਮਾਜ ਪ੍ਰਤੀ ਆਪਣੇ ਫਰਜ਼ ਨਿਭਾਉਣ ਵਿੱਚ ਵੀ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ ਪਰੰਤੂ ਕੁੱਝ ਅਖਬਾਰਾਂ ਨੇ ਇਸਨੂੰ ਨਿਰੋਲ ਲਾਹੇਵੰਦ ਵਪਾਰ ਬਣਾਕੇ ਰੱਖਿਆ ਹੋਇਆ ਹੈ। ਸਾਡੇ ਦੇਸ਼ ਵਿੱਚ ਮੀਡੀਆ ਨੇ ਅਜ਼ਾਦੀ ਦੀ ਲੜਾਈ ਵਿੱਚ ਅੱਗੇ ਹੋ ਕੇ ਭੂਮਿਕਾ ਨਿਭਾਈ ਹੈ। ਮੀਡੀਆ ਨੇ ਹੀ ਜੋ ਕਿ ਉਦੋਂ ਸਿਰਫ ਪ੍ਰਿੰਟ ਮੀਡੀਆ ਹੀ ਸੀ ਨੇ ਦੇਸ਼ ਵਿੱਚ ਲੋਕਾਂ ਦੀ ਬਦਤਰ ਹਾਲਤ ਦੀਆਂ ਤਸਵੀਰਾਂ ਬਿਆਨ ਕਰਕੇ ਲੋਕਾਂ ਨੂੰ ਅਜ਼ਾਦੀ ਦੀ ਲੜਾਈ ਲੜਨ ਲਈ ਪ੍ਰੇਰਣਾ ਦਿੱਤੀ। ਸਾਡੇ ਦੇਸ਼ ਵਿੱਚ ਅਜ਼ਾਦੀ ਤੋਂ ਬਾਦ ਅਜ਼ਾਦ ਭਾਰਤ ਦੇ ਸੰਵਿਧਾਨ ਵਿੱਚ ਦਰਜ ਮੋਲਿਕ ਅਧਿਕਾਰਾਂ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਵਿੱਚ ਪ੍ਰੈਸ ਦੀ ਆਜ਼ਾਦੀ ਵੀ ਸ਼ਾਮਿਲ ਹੈ। ਅੱਜ ਪ੍ਰੈਸ ਅਤੇ ਮੀਡਿਆ ਨੂੰ ਅਜ਼ਾਦ ਅਤੇ ਨਿਰਪੱਖ ਹੋਕੇ ਕੰਮ ਕਰਨ ਦੀ ਜ਼ਰੂਰਤ ਹੈ ਅਤੇ ਸਰਕਾਰਾ ਨੂੰ ਵੀ ਚਾਹੀਦਾ ਹੈ ਕਿ ਪ੍ਰੈਸ ਅਤੇ ਮੀਡਿਆ ਨੂੰ ਪੂਰਨ ਤੌਰ ਤੇ ਅਜ਼ਾਦ ਅਤੇ ਨਿਰਪੱਖ ਹੋਕੇ ਦੇਸ਼ ਲਈ ਕੰਮ ਕਰਨ ਦਿੱਤਾ ਜਾਵੇ। ਅਗਰ ਪ੍ਰੈਸ ਅਤੇ ਮੀਡਿਆ ਦੇਸ਼ ਦੇ ਹਲਾਤਾਂ ਬਾਰੇ ਲੋਕਾਂ ਨੂੰ ਸਹੀ ਜਾਣਕਾਰੀ ਨਹੀਂ ਦੇ ਰਹਿਆਂ ਤਾਂ ਇਹ ਦੇਸ਼ ਅਤੇ ਲੋਕਾਂ ਵਾਸਤੇ ਨੁਕਸਾਨ ਵਾਲੀ ਗੱਲ ਕਹੀ ਜਾ ਸਕਦੀ ਹੈ। ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਅਜੋਕੇ ਸਮੇਂ ਵਿੱਚ ਮੀਡੀਆ ਉੱਤੇ ਲਾਲਚ ਤੇ ਪੈਸਾ ਕਮਾਉਣ ਦੀ ਚਾਹਤ ਸਵਾਰ ਹੈ। ਖ਼ਬਰਾਂ ਤੇ ਡਿਬੇਟ ਦੇ ਨਾਂ ਉੱਤੇ ਫੇਕ ਖਬਰਾਂ ਚੱਲਣਾ ਇਹ ਸਾਬਿਤ ਕਰਦਾ ਹੈ। ਮੀਡੀਆ ਵਿੱਚ ਆਮ ਆਦਮੀ ਦੀਆਂ ਸਮੱਸਿਆਵਾਂ ਤੋਂ ਹਟ ਕੇ ਬੇਲੋੜੇ ਰਿਆਲਿਟੀ ਸੋਅ ਚੱਲਣ ਲੱਗੇ ਹਨ। ਪੱਤਰਕਾਰਿਤਾ ਦੀ ਜਨਹਿਤ ਵਾਲੀ ਭਾਵਨਾ ਨੂੰ ਠੇਸ ਲਾਈ ਜਾ ਰਹੀ ਹੈ। ਇਹ ਧਿਆਨ ਦੇਣ ਯੋਗ ਗੱਲ ਹੈ ਕਿ ਮੀਡੀਆ ਦੀ ਅਜ਼ਾਦੀ ਦਾ ਮਤਲਬ ਕਦੇ ਵੀ ਅਨੁਸ਼ਾਸਨਹੀਣਤਾ ਨਹੀਂ ਹੈ। ਖ਼ਬਰਾਂ ਰਾਹੀਂ ਕੁਝ ਵੀ ਪਰੋਸ ਕੇ ਦੇਸ਼ ਦੇ ਲੋਕਾਂ ਦਾ ਧਿਆਨ ਗਲਤ ਦਿਸ਼ਾ ਵਿੱਚ ਲਿਜਾਣਾ ਬਿਲਕੁਲ ਪ੍ਰਵਾਨ ਹੋਣ ਯੋਗ ਨਹੀਂ ਹੈ। ਪਿਛਲੀਆਂ ਕੁਝ ਸਰਕਾਰਾਂ ਧਾਰਮਿਕ ਰਾਜਨੀਤਕ ਵਿਚਾਰਧਾਰਾ ਦੀ ਕੱਟੜਤਾ ਵਿੱਚ ਸਭ ਤੋਂ ਪਹਿਲਾਂ ਮੀਡੀਆ ਦੀ ਅਜ਼ਾਦੀ ਨੂੰ ਰੋਕਦੀਆਂ ਹਨ। ਵਿਰੋਧੀ ਧਿਰ ਨੂੰ ਬਿਲਕੁਲ ਚੁੱਪ ਕਰਵਾ ਕੇ ਛੱਡ ਦਿੰਦੀਆਂ ਹਨ ਤਾਂ ਜੋ ਲੋਕ ਹਿਤਕਾਰੀ ਨੀਤੀਆਂ ਨੂੰ ਬੇਧਿਆਨ ਕਰਕੇ ਦੇਸ਼ ਵਿੱਚ ਵਿਰੋਧੀ ਨੀਤੀਆਂ ਨੂੰ ਆਸਾਨੀ ਨਾਲ ਲਾਗੂ ਕੀਤਾ ਜਾ ਸਕੇ। ਅੱਜ ਮੀਡੀਆ ਦੀ ਹਾਲਤ ਅਤੇ ਸਥਿਤੀ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਲੋਕ ਮੁੱਦੇ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਦੀ ਸਹੀ ਸਥਿਤੀ ਨੂੰ ਲੋਕਾਂ ਸਾਹਮਣੇ ਪੇਸ਼ ਕਰਨਾ ਪ੍ਰੈਸ ਅਤੇ ਮੀਡਿਆ ਤੇ ਨਿਰਭਰ ਕਰਦਾ ਹੈ। ਆਓ ਅੱਜ ਪ੍ਰੈਸ ਅਜ਼ਾਦੀ ਦਿਵਸ ਮੌਕੇ ਤੇ ਕੋਸ਼ਿਸ਼ ਕਰੀਏ ਕਿ ਸਾਡੀ ਕਲਮ ਹੱਕ,ਸੱਚ, ਨਿਰਪੱਖ ਅਤੇ ਅਜ਼ਾਦ ਲਿਖ ਸਕੇ ਤਾਂ ਕਿ ਅਸੀਂ ਵੀ ਆਪਣੇ ਦੇਸ਼ ਅਤੇ ਸਮਾਜ ਵਾਸਤੇ ਆਪਣਾ ਯੋਗਦਾਨ ਪਾ ਸਕੀਏ।

## ਵੈਨਕੂਵਰ ਕਾਰ ਹਾਦਸੇ ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀਆਂ

**ਵੈਨਕੂਵਰ (ਮਲਕੀਤ ਸਿੰਘ)**-ਪਿਛਲੇ ਹਫਤੇ ਵੈਨਕੂਵਰ ਦੀ 43 ਐਵੇਨਿਊ ਅਤੇ ਫਰੇਜਰ ਸਟਰੀਟ ਨੇੜੇ ਆਯੋਜਿਤ ਇੱਕ ਫਿਲਪਾਈਨੀ ਮੇਲੇ ਚ ਇੱਕ ਵਿਅਕਤੀ ਵੱਲੋਂ ਇੱਕ ਐਸਯੂਵੀ ਗੱਡੀ ਭੀੜ ਤੇ ਚੜਾ ਦੇਣ ਕਾਰਨ ਮਾਰੇ ਗਏ 11 ਲੋਕਾਂ ਦੀ ਯਾਦ ਚ ਉਹਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਹੋਰਨਾਂ ਸਬੰਧੀਆਂ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਘਟਨਾ ਵਾਲੀ ਥਾਂ ਤੇ ਮੋਮਬੱਤੀਆਂ ਜਗਾਉਣ ਦੇ ਨਾਲ ਨਾਲ ਫੁੱਲ ਰੱਖਣ ਦਾ ਸਿਲਸਿਲਾ ਸਾਰਾ ਦਿਨ ਜਾਰੀ ਰਿਹਾ ਸੂਬਾਈ ਸਰਕਾਰ ਵੱਲੋਂ ਵੀ ਇਸ ਸਬੰਧੀ 2 ਮਈ ਨੂੰ ਸੋਗ ਅਤੇ ਯਾਦਗਾਰੀ ਦਿਨ ਘੋਸ਼ਿਤ ਕੀਤਾ ਗਿਆ ਸੀ ਜ਼ਿਕਰਯੋਗ ਹੈ ਕਿ ਇਸ ਹਾਦਸੇ ਦੇ ਮੁੱਖ ਦੋਸ਼ੀ ਕਾਈ ਜੀ ਐਡਮ ਲੋ ਨੂੰ ਗ੍ਰਿਫਤਾਰ ਕਰਕੇ ਉਸ ਵਿਰੁਧ 8 ਦੋਸ਼ ਤਹਿ ਕੀਤੇ ਗਏ ਸਨ। ਅਤੇ ਉਹ ਮਾਨਸਿਕ ਰੋਗੀ ਦੱਸਿਆ ਜਾ ਰਿਹਾ ਹੈ ਇਹ ਵੀ ਦੱਸਣ ਯੋਗ ਹੈ ਕਿ ਇਸ ਮੰਦਭਾਗੀ ਘਟਨਾ ਚ ਮਰਨ ਵਾਲਿਆਂ ਵਿੱਚ 5 ਸਾਲ ਤੋਂ ਲੈ ਕੇ 65 ਸਾਲ ਦੇ ਉਮਰ ਦੇ ਲੋਕ ਮੌਜੂਦ ਸਨ।

## ਗਾਇਕ ਸੁਖਰਾਜ ਨਾਰੰਗ ਦਾ ਨਵਾਂ ਸਿੰਗਲ ਟ੍ਰੈਕ "ਬੈਡ ਜੱਟ" 4 ਮਈ ਨੂੰ ਰਿਲੀਜ਼ - ਸੰਨੀ ਬੱਲ ਯੂ ਕੇ

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**- ਅਨੇਕਾਂ ਹੀ ਹਿੱਟ ਗੀਤਾਂ ਨਾਲ ਨਾਲ ਚਰਚਾ 'ਚ ਆਏ ਗਾਇਕ ਸੁਖਰਾਜ ਨਾਰੰਗ ਦਾ ਨਵਾਂ ਸੋਲੋ ਸਿੰਗਲ ਟ੍ਰੈਕ ਬੈਡ ਜੱਟ ਜੋ ਕਿ 4 ਮਈ ਨੂੰ ਪ੍ਰੋਡਿਊਸਰ ਗੈਰੀ (ਯੂ ਕੇ) ਤੇ ਨਰਿੰਦਰ ( ਯੂ ਕੇ) ਏ ਬੱਲ ਰਿਕਾਰਡਸ ਵਲੋਂ ਬਹੁਤ ਵੱਡੇ ਪੱਧਰ ਤੇ ਰਿਲੀਜ਼ ਕੀਤਾ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਪੇਸ਼ਕਾਰ ਸੰਨੀ ਬੱਲ ਯੂ ਕੇ ਨੇ ਦੱਸਿਆ ਕਿ ਇਸ




ਸਿੰਗਲ ਟ੍ਰੈਕ ਦਾ ਮਿਊਜ਼ਿਕ ਗੋਸਟ ਬੀ ਵਲੋਂ ਬਹੁਤ ਹੀ ਪਿਆਰੀਆਂ ਧੁੰਨਾਂ ਨਾਲ ਤਿਆਰ ਕੀਤਾ ਗਿਆ ਹੈ । ਜਿਸ ਨੂੰ ਬਹੁਤ ਹੀ ਸੋਹਣੀ ਕਲ਼ਮ ਨਾਲ ਲਿਖਿਆ ਹੈ ਐਵੀ ਅਵਤਾਰ ਜੀ ਨੇ । ਇਸ ਸਿੰਗਲ ਟਰੈਕ ਦਾ ਵੀਡੀਓ ਪੰਜਾਬ ਦੇ ਕਪੂਰਥਲਾ ਸ਼ਹਿਰ ਦੇ ਖਾਨੋਵਾਲ ਪਿੰਡ ਸ਼ੂਟ ਕੀਤਾ ਗਿਆ ਹੈ, ਜੋ ਕਿ ਯੂ ਟਿਊਬ ਦੇ ਨਾਲ ਨਾਲ ਪੰਜਾਬੀ ਚੈਨਲਾਂ ਤੇ ਚਲਾਇਆ ਜਾਵੇਗਾ।

# ਸਾਹਿਤ ਸਮਾਜ

## ਹੈਲੋ... ਹੈਲੋ ....ਅੰਕਲ....

ਅਣਜਾਣ ਜਿਹੇ ਨੰਬਰ ਤੋਂ ਆਇਆ ਫੋਨ ਮੈਂ ਜਲਦੀ ਨਾਲ ਚੁੱਕ ਲਿਆ। ਦਰਅਸਲ ਮੈਂ ਤਾਲਾਬੰਦੀ ਦੀ ਬੋਰੀਅਤ ਨੂੰ ਦੂਰ ਕਰਨ ਲਈ ਦੂਸਰੀ ਮੰਜਿਲ ਦੀ ਛੱਤ ਤੇ ਬੈਠਾ ਕੁਦਰਤੀ ਨਜ਼ਾਰਿਆਂ ਦਾ ਅਨੰਦ ਲੈ ਰਿਹਾ ਸੀ ਤੇ ਇੰਤਜ਼ਾਰ ਸੀ ਕਿਸੇ ਫੋਨ ਦਾ ਤਾਂਕਿ ਖੁੱਲੀਆਂ ਗੱਲਾਂ ਦਾ ਲੁਤਫ਼ ਉਠਾਇਆ ਜ਼ਾ ਸਕੇ।

ਅੰਕਲ ਮੈਂ ੍ਹਰਿਸਹ ਸ਼ਣਟਹਿ । ਉਸਨੇ ਸੰਗਦੇ ਜਿਹੇ ਨੇ ਕਿਹਾ।

ਅੰਕਲ ਮੈਂ ਡਿਸਟਰਬ ਤਾਂ ਨਹੀਂ ਕੀਤਾ।

ਨਹੀਂ ਯਾਰ ਮੈਂ ਤਾਂ ਆਪ ਤੈਨੂੰ ਮਿਲਣਾ ਚਾਹੁੰਦਾ ਸੀ।

ਅੰਕਲ ਮੈਂ ਤਾਂ ਉਸ ਟਿਪਣੀ ਬਾਰੇ...

ਨਹੀਂ ਯਾਰ ਛੱਡ ਪਰਾਂ। ਓਹ ਬਸ ਹਿਊਮਰ ਸੀ। ਮਜ਼ਾਕ।

ਜੀ ਅੰਕਲ।

ਬੱਸ ਫਿਰ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਹਰੀਸ਼ ਅਪਣਏ ਂਗੋ ਦੇ ਬਲੱਡ ਡੋਨੇਸ਼ਨ ਵਿੰਗ ਦਾ ਇੰਚਾਰਜ ਹੈ। ਪੇਸ਼ੇ ਵੱਜੋ ਮੋਟਰ ਸਾਈਕਲ ਬਾਇਕ ਮੈਕੇਨਿਕ ਹੈ। ਪੜ੍ਹਾਈ ਪੱਖੋਂ ਕੋਈ ਬਹੁਤੇ ਸਰਟੀਫਿਕੇਟਾਂ ਦਾ ਥੱਬਾ ਨਹੀਂ ਹੈ ਉਸ ਕੋਲ। ਪਾਪਾ ਜੀ ਚਾਹ ਦਾ ਖੋਖਾ ਲਾਉਂਦੇ ਸਨ ਅੱਜ ਤੋਂ 22 ਕੁ ਸਾਲ ਪਹਿਲਾਂ ਪੂਰੇ ਹੋਗੇ। ਜਿੰਦਗੀ ਐਸੇ ਚੋਰਾਹੇ ਤੇ ਸੀ ਕਿ ਇੱਕ ਰਸਤਾ ਨਸ਼ਿਆਂ ਵੱਲ ਜਾਂਦਾ ਸੀ ਤੇ ਦੂਸਰਾ ਚੋਰੀ ਚਕਾਰੀ ਵੱਲ। ਤੀਸਰਾ ਬਿਮਾਰੀਆਂ ਭੁੱਖ ਵੱਲ ਧਕੇਲਦਾ ਸੀ ਤੇ ਇੱਕ ਗੁੰਡਾ ਗਰਦੀ ਵੱਲ। ਬੱਸ ਕਿਸਮਤ ਚੰਗੀ ਸੀ ਓਹਨਾ ਦਿਨਾਂ ਵਿਚ ਇਹ #ਆਪਣੇ ਹੋਂਦ ਵਿਚ ਆਏ ਸਨ। ਮੈਨੂੰ ਕਿਸੇ ਰਹਿਮਦਿਲ ਨੇ ਇਸ ਪਗਡੰਡੀ ਵੱਲ ਤੋਰ ਲਿਆ।



ਮੈਂ ਉਸਦੀ ਵਾਰਤਾ ਇੱਕ ਚਿੱਤ ਹੋ ਕੇ ਸੁਣ ਰਿਹਾ ਸੀ। ਸੋਚ ਰਿਹਾ ਸੀ ਕਿ ਕਿਸੇ ਧਨਾਢ ਪਰਿਵਾਰ ਘਰੇ ਜਨਮ ਲੈਕੇ ਪਿਤਾ ਪੁਰਖੀ ਅਥਾਹ ਦੌਲਤ ਦੇ ਬਲਬੂਤੇ ਤੇ ਸਮਾਜ ਸੇਵਾ ਕਰਨ ਵਾਲੇ ਬਹੁਤ ਮਿਲ ਜਾਂਦੇ ਹਨ। ਸਮਾਜ ਸੇਵਾ ਦਾ ਤਗਮਾ ਲਗਾਕੇ ਮਾਂ ਪਿਓ ਦੀ ਹਰਾਮ ਯ ਹੱਕ ਹਲਾਲ ਕਮਾਈ ਨੂੰ ਲੁਟਾਕੇ ਭਵਿੱਖ ਦੇ ਲੀਡਰ ਆਗੂ ਯ ਵਿਧਾਇਕ ਬਣਨ ਦੇ ਸੁਫ਼ਨੇ ਲੈਣ ਵਾਲੇ ਤਾਂ ਬਹੁਤ ਹੁੰਦੇ ਹਨ। ਪਰ ਤਾਜ਼ੀ ਕਮਾਕੇ ਸਾਰਾ ਦਿਨ ਚਾਬੀਆਂ ਜਮੂਰ ਪਾਨੇ ਪੇਚਕਸ ਤੇ ਕਾਲੇ ਤੇਲ ਨਾਲ ਲੀੜੇ ਲਿਬੇੜ ਕੇ ਫਿਰ ਚੌਵੀ ਘੰਟੇ ਗਰੀਬਾਂ ਮਰੀਜਾਂ ਲੋੜਵੰਦਾਂ ਦਾ ਫਿਕਰ ਕੋਈ ਵਿਰਲਾ ਹੀ ਕਰਦਾ ਹੈ।

ਯਾਰ ਇੰਨੇ ਕੰਮਾਂਕਾਰਾਂ ਤੇ ਰੋਟੀ ਰੋਜ਼ੀ ਦਾ ਫਿਕਰ ਫਿਰ ਤੁਹਾਨੂੰ ਖੂਨ ਦਾਨ ਵਰਗੇ ਕੰਮ ਨਾਲ ਕਿਵੇਂ ਜੋੜੀ ਬੈਠਾ ਹੈ।

ਨਹੀਂ ਅੰਕਲ ਮੇਰੇ ਕੋਲ 60 70 ਕਲੱਬਾਂ ਦੇ ਬਲੱਡ ਡੋਨਰਾਂ ਦੀਆਂ ਲਿਸਟਾਂ ਮੇਰੇ ਕੋਲ ਹਨ। ਅੱਜ ਕੱਲ੍ਹ ਇਹ ਕੰਮ ਮੋਬ-ਾਇਲ ਤੇ ਹੀ ਹੋ ਜਾਂਦੇ ਹਨ।

ਯਾਰ ਤੂੰ ਤਾਂ ਡੱਬਵਾਲੀ ਦਾ ਦੂਜਾ ਰਤਨ ਸੇਠ ਹੈ। ਮੈਂ ਹੱਸ ਕੇ ਕਿਹਾ।

ਅੰਕਲ ਉਹ ਕਿਵੇਂ।

ਯਾਰ ਰਤਨ ਪੈਟਰੋਲ ਪੰਪ ਵਾਲਾ ਪੰਪਾਂ ਦਾ ਮਾਲਿਕ ਹੈ ਤੇ ਤੂੰ ਬਲੱਡ ਪੰਪ ਦਾ ਮਾਲਿਕ। ਖੂਨ ਦੀ ਲੋੜ ਵੇਲੇ ਕੁਵੇਲੇ ਪੂਰੀ ਕਰਦਾ ਹੈ ਤੂੰ।

ਖੂਨਦਾਨ ਕੈਂਪ ਲਗਵਾਉਣੇ ਲੋੜ ਵੇਲੇ ਡੋਨਰ ਭੇਜਣੇ। ਇਹ ਲਗਨ ਚੌਵੀ ਘੰਟੇ ਲੱਗੀ ਰਹਿੰਦੀ ਹੈ।

ਫੋਨ ਕੱਟਿਆ ਗਿਆ। 12.18 ਮਿੰਟ ਗੱਲ ਹੋਈ। ਰੂਹ ਨੂੰ ਸਕੂਨ ਮਿਲਿਆ। ਧੰਨ ਉਹ ਕੁੱਖ ਜਿਸਨੇ ਇਸ ਸਮਾਜ ਸੇਵੀ ਨੂੰ ਜਨਮ ਦਿੱਤਾ।

ਆਪਣੇ ਦੀ ਟੀਮ ਦਾ ਸਹਿਯੋਗ ਉਸ ਲਈ ਅਮਰ ਬਾਣ ਹੈ।

#ਮਧੂਬਨ ਖੁਸ਼ਬੋ ਦੇਤਾ ਹੈ,
ਸਾਗਰ ਸਾਵਣ ਦੇਤਾ ਹੈ।
ਜੀਣਾ ਉਸਕਾ ਜੀਣਾ ਹੈ,
ਜੋ ਔਰੋਂ ਕੋ ਜੀਵਨ ਦੇਤਾ ਹੈ॥



**ਰਮੇਸ਼ ਸੇਠੀ ਬਾਦਲ**
**9876627233**


"JAI BHEEM JAI BHARAT"
Happy 134th
Ambedkar
JAYANTI
A Homeage To The
"Father Of The Indian Constitution"
"Justice, equality, and fraternity are the principles that should guide every society."
- Dr B.R. Ambedkar
Programme:-
Talks on life and work of Dr. Ambedkar, songs and poetry recitation.
"We are because he was"
Let us remember
The man who fought for us,
Dr B. R. Ambedkar
On his 134th birthday celebration.
Organised By:-
Sri Guru Ravidass Sabha, Bedford (+44 07715347643)
Bhagwan Valmik Sabha, Bedford (+44 07912502301)
Nirankari Satsang Bhavan, Bedford (+44 07852178561)
Ambedkar Mission Society, Bedford (+44 07721935138)
JOIN US
4th May, 2025
01:30P.M.-05:30P.M
The Centenary Hall, Kempston
104 Bedford Rd, Kempston,
Bedford MK42 8BG

# ਫੁੱਲ ਕੰਡਿਆਂ ਦੀ ਦੋਸਤੀ....



ਕੁਦਰਤ ਨੇ ਫੁੱਲ-ਕੰਡਿਆਂ ਦਾ ਵਜੂਦ ਬਣਾ ਕੇ, ਫੁੱਲਾਂ ਲਈ ਸੁਰੱਖਿਆ ਘੇਰਾ ਬਣਾਇਆ। ਫੁੱਲ ਹੁੰਦੇ, ਬਹੁਤ ਨਾਜ਼ੁਕ, ਕੰਡਿਆਂ ਬਿਨ ਕੋਈ ਰਹਿਣ ਨ੍ਹੀਂ ਦਿੰਦਾ। ਨਾਜ਼ੁਕ ਨੂੰ ਨਾਜ਼ੁਕ ਹੀ ਤੋੜਦਾ, ਖਰਾਬ ਕਰ ਦਿੰਦਾ। ਔਰਤਾਂ, ਪਾਰਕਾਂ ਵਿੱਚੋਂ, ਫੁੱਲ ਤੋੜਨ ਦੀਆਂ, ਬਹੁਤ ਸ਼ੌਕੀਨ ਹੁੰਦੀਆਂ। ਮੰਦਰਾਂ, ਪੂਜਾ-ਅਸਥਾਨਾਂ ਤੇ, ਚੜ੍ਹਾਉਣ ਦੀਆਂ, ਆਸਥਾਵਾਂ ਮਹੀਨ ਹੁੰਦੀਆਂ। ਬੱਚੇ ਅਣਭੋਲ, ਫੁੱਲਾਂ ਵੱਲ, ਖਿੱਚੇ ਜਾਂਦੇ। ਜਦੋਂ ਕੰਡੇ ਚੁੱਭਦੇ, ਤਾਂ ਸ਼ੋਰ ਮਚਾਂਦੇ।

ਸਿਆਸਤਦਾਨ ਵੀ ਫੁੱਲਾਂ ਦੇ ਸ਼ੌਕੀਨ, ਮਤਲਬ ਹੁੰਦਾ, ਵੋਟਰਾਂ ਨੂੰ, ਭਰਮਾਉਣ ਤੱਕ। ਸਭ ਤੋਂ ਵੱਧ, ਮਧੋਲਦੇ ਫੁੱਲਾਂ ਨੂੰ, ਨਿਸ਼ਾਨਾ ਹੁੰਦਾ, ਵਿਰੋਧੀਆਂ ਨੂੰ, ਹਰਾਉਣ ਤੱਕ। ਪਾਰਟੀ ਇਨ੍ਹਾਂ ਦੀ, ਭਾਵੇਂ ਕੋਈ ਵੀ ਹੋਵੇ,ਚਾਉ ਹੁੰਦਾ,ਪੈਰੀਂ-ਹੱਥ ਲਵਾਉਣ ਦਾ। ਲੋਕਾਂ ਵਿੱਚ, ਆਪਣੀਆਂ ਕੀਤੀਆਂ ਦਾ, ਲੋਹਾ ਮਨਵਾਉਣ ਦਾ। ਜਿਹੜੇ ਫੁੱਲ, ਕੰਡਿਆਂ ਬਿਨ ਹੁੰਦੇ। ਤੋੜਦੇ, ਮਧੋਲਦੇ, ਫਿਰਨ ਲੋਕੀਂ, ਬਿਨ-ਸੁੰਘੇ। ਮੰਦਰਾਂ ਮੂਹਰੇ, ਵੇਚ ਵੇਚ ਕੇ ਫੁੱਲ, ਦੁਕਾਨਾਂ ਚਲਾਉਂਦੇ। ਬੇਕਦਰੀ ਫੁੱਲਾਂ ਦੀ, ਨਿਤ ਕਰਵਾਉਂਦੇ। ਜੀਹਨੂੰ ਖੁਸ਼ ਕਰਨ ਲਈ, ਚੜ੍ਹਾਵਾ ਚੜਾਉਂਦੇ, ਉਹ ਤਾਂ ਅੰਦਰ ਹੀ ਬੈਠਾ। ਫੁੱਲ-ਕੰਡਿਆਂ ਦੀ ਦੋਸਤੀ, ਦਾ ਅਜਬ ਨਜ਼ਾਰਾ ਡਿੱਠਾ।

ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639











# AMBEDKAR INTERNATIONAL MISSION, LONDON

***Pays Homage To***

## THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

**Sir Stephen Timms MP, Minister of State at the Department for Work and Pensions will be in attendance from 2 pm until 2:30 pm**

## CHIEF GUEST




**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

### Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

### Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**


**Lunch will be strictly served between 12 noon - 1:30 pm only**


**Contact: Tel. 07751-668926**

# ਸੁਰਿੰਦਰ ਧੰਜਲ ਨਾਲ ਰੂ-ਬਰੂ 4 ਮਈ ਨੂੰ ਕਰਵਾਇਆ ਜਾਵੇਗਾ

**ਬਰਨਾਲਾ (ਸਮਾਜ ਵੀਕਲੀ)** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਬਰਨਾਲਾ ਇਕਾਈ ਵੱਲੋਂ ਕੈਨੇਡਾ ਨਿਵਾਸੀ, ਨਾਮਵਰ ਸ਼ਾਇਰ ਅਤੇ 'ਪਾਸ਼ ਯਾਦਗਾਰੀ ਕੌਮਾਂਤਰੀ ਟਰਸਟ' ਦੇ ਕਨਵੀਨਰ ਸ੍ਰੀ ਸੁਰਿੰਦਰ ਧੰਜਲ ਨਾਲ 04 ਮਈ, 2025 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ (ਲੜਕੇ) ਵਿਖੇ ਰੂਬਰੂ ਕਰਵਾਇਆ ਜਾ ਰਿਹਾ ਹੈ। ਸੰਘ ਦੇ ਪ੍ਰਧਾਨ ਡਾ. ਹਰਿਭਗਵਾਨ ਅਤੇ ਜਨਰਲ ਸਕੱਤਰ ਭੋਲਾ ਸਿੰਘ ਸੰਘੇੜਾ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 10 ਵਜੇ ਸਵੇਰੇ ਸ਼ੁਰੂ ਹੋਣ ਵਾਲੇ ਇਸ ਸਮਾਗਮ ਦੀ ਪ੍ਰਧਾਨਗੀ ਡਾ. ਭੀਮ ਇੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਕਰਨਗੇ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਸੀ. ਮਾਰਕੰਡਾ ਹੋਣਗੇ ਅਤੇ ਸੁਰਿੰਦਰ ਧੰਜਲ ਨਾਲ ਮੁਢਲੀ ਜਾਣ-ਪਛਾਣ ਡਾ. ਜੋਗਿੰਦਰ ਸਿੰਘ ਨਿਰਾਲਾ ਕਰਵਾਉਣਗੇ।



# ਕਿਤਾਬ – ਜਲੀਲਪੁਰ

**ਲੇਖਕ– ਜੋਬਨ ਖਹਿਰਾ**

ਜੋਬਨ ਖਹਿਰਾ ਦੀ ਇਹ ਕਿਤਾਬ ਬਰਕਤ ਪਬਲੀਕੇਸ਼ਨ ਵੱਲੋਂ ਛਾਪੀ ਗਈ ਹੈ। ਇਸ ਦੇ ਕੁੱਲ ਪੰਨੇ 104 ਹਨ। ਇਸ ਕਿਤਾਬ ਦੀ ਸ਼ੁਰੂਆਤ ਇੱਕ ਲਾਈਨ "ਬਦਨਾਮੀ ਦੇ ਗਾਰੇ ਨਾਲ ਕਦੇ ਇੱਜਤਾਂ ਦੇ ਮਹਿਲ ਨਹੀਂ ਉਸਰਦੇ" ਨਾਲ਼ ਹੁੰਦੀ ਹੈ।

ਇਹ ਕਿਤਾਬ ਹਰ ਉਸ ਇਨਸਾਨ ਨੂੰ ਸਮਰਪਿਤ ਹੈ ਜੋ ਇੱਜ਼ਤ ਤੇ ਆਜ਼ਾਦੀ ਨਾਲ ਜਿਉਣਾ ਲੋਚਦਾ। ਇਹ ਕਿਤਾਬ ਤੋਂ ਪਹਿਲਾਂ ਐਡੀਸ਼ਨ 2024 'ਚ ਕੀਤਾ ਗਿਆ ਤੇ ਇਸ ਦੀ ਕੀਮਤ 200 ਰੱਖੀ ਗਈ ਜੋ ਕਿ ਜਾਇਜ਼ ਹੈ।

ਜਲੀਲਪੁਰ ਦੀ ਵਾਕਫੀਅਤ ਇਹਨਾਂ ਸਤਰਾਂ ਤੋਂ ਹੋ ਜਾਂਦੀ ਹੈ।

......


ਜਲੀਲਪੁਰ ਇੱਕ ਵੱਡੇ ਸ਼ਹਿਰ ਦਾ ਨਿੱਕਾ ਜਿਹਾ ਉਹ ਹਿੱਸਾ ਜਿੱਥੇ ਜਿਸਮਾਂ ਦੀ ਫਰਮਾਇਸ਼ ਤੋਂ ਪਹਿਲਾਂ ਨੁਮਾਇਸ਼ ਹਾਜ਼ਰ ਹੁੰਦੀ ਹੈ। ਇੱਥੇ ਇੱਜਤਦਾਰਾਂ ਦੇ ਪਾਏ ਇੱਜ਼ਤ ਦੇ ਨਕਾਬ ਕੁਝ ਸਕਿੰਟਾਂ 'ਚ ਲਹਿ ਜਾਂਦੇ ਹਨ। ਇੰਨੇ ਸ਼ਰੀਫ ਬੰਦਿਆਂ ਦੀ ਸ਼ਰੀਫੀ ਨੂੰ ਪਰਖਿਆ ਜਾਂਦਾ। ਇੱਥੇ ਆਦਮੀ ਅਣਜਾਣ ਬਣ ਕੇ ਆਉਂਦੇ ਹਨ ਤੇ ਆਪਣੇ ਹਵਸ ਮਿਟਾ ਕੇ ਅਣਜਾਣ ਬਣ ਕੇ ਇਥੋਂ ਚਲੇ ਜਾਂਦੇ ਹਨ। ਕੋਈ ਕਿਸੇ ਦਾ ਨਾਂ ਤੱਕ ਨਹੀਂ ਪੁੱਛਦਾ। ਗੁੰਡੇ- ਬਦਮਾਸ਼ ਤੋਂ ਲੈ ਕੇ ਚੰਗੇ ਪੇਸ਼ੇਵਰ ਕਿੱਤਿਆਂ ਦੇ ਲੋਕ ਇੱਥੇ ਆ ਕੇ ਆਪਣੀ ਤੜਫ ਦੂਰ ਕਰਦੇ ਨੇ। ਇਹ ਜਲੀਲਪੁਰ ਇੱਕ ਵੱਡੇ ਨਗਰ 'ਚ ਵਸੀ ਛੋਟੀ ਜਿਹੀ ਨਗਰੀ, ਕਈ ਰੂਹਾਂ ਦੇ ਉਜੜਨ ਤੋਂ ਬਾਅਦ ਬਣੀ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ, ਜਲੀਲਪੁਰ ਨਾਮ ਇਸ ਕਿਤਾਬ ਦਾ ਢੁਕਵਾਂ ਨਾਮ ਹੈਂ।

ਇਹਨਾਂ ਸਤਰਾਂ ਤੋਂ ਸਾਨੂੰ ਇਸ ਕਿਤਾਬ ਦੇ ਵਿਸ਼ੇ ਦਾ ਪਤਾ ਚੱਲ ਜਾਂਦਾ।

ਸਲਮਾਂ ਇਸ ਕਹਾਣੀ ਦੀ ਮੁੱਖ ਪਾਤਰ ਹੈ।

ਇਹ ਕਿਤਾਬ ਵੇਸਵਾਗਿਰੀ 'ਚ ਘਿਰੀਆਂ ਔਰਤਾਂ ਦੀ ਜ਼ਿੰਦਗੀ ਨੂੰ ਨੇੜੇ ਤੋਂ ਦਿਖਾਇਆ ਗਿਆ। ਸਮਾਜ ਉਹਨਾਂ ਲਈ ਕੀ ਨਜ਼ਰੀਆ ਰੱਖਦਾ ਅਸਲ ਵਿੱਚ ਉਹ ਔਰਤਾਂ ਕਿਵੇਂ ਦੀਆਂ ਹੁੰਦੀਆਂ ਹਨ, ਉਹਨਾਂ ਦੀਆਂ ਪਰੇਸ਼ਾਨੀਆਂ ਕੀ ਹਨ, ਉਹਨਾਂ ਦੀ ਮਾਨਸਿਕ ਹਾਲਤ ਕੀ ਹੈ, ਇਹ ਸਭ ਜਲੀਲਪੁਰ ਦੀ ਮੁੱਖ ਕਹਾਣੀ ਹੈ ਪਰ ਇਸ ਵਿੱਚ ਇੱਕ ਹੋਰ ਵਿਸ਼ੇ ਨੂੰ ਬੜੇ ਗੰਭੀਰਤਾ ਨਾਲ ਛੋਹਿਆ ਗਿਆ ਤੇ ਉਹ ਹੈ ਸਮਲਿੰਗੀ ਆਕਰਸ਼ਣ। ਜੋ ਅੱਜ ਦਾ ਭਖਦਾ ਹੋਇਆ ਵਿਸ਼ਾ ਵੀ ਹੈ। ਇਹਨਾਂ ਦੋ ਵਿਸ਼ਿਆਂ ਨੂੰ ਲੈ ਕੇ ਲੇਖਕ ਦੁਆਰਾ ਇੱਕ ਬਹੁਤ ਸੋਹਣੇ ਤਰੀਕੇ ਨਾਲ ਕਹਾਣੀ ਨੂੰ ਸਿਰਜਿਆ ਗਿਆ। ਬੇਸ਼ੱਕ ਇਸ ਨੂੰ ਨਾਵਲ ਦਾ ਰੂਪ ਦਿੱਤਾ ਗਿਆ ਪਰ ਇਸ ਵਿੱਚ ਇੱਕ ਨਵੀਂ ਵਿਧਾ ਲੇਖਕ ਵੱਲੋਂ ਲਿਖਣ ਦੀ ਕੋਸ਼ਿਸ਼ ਕੀਤੀ ਗਈ ਹੈ ਇਸ ਨਾਵਲ ਨੂੰ ਬਿਲਕੁਲ ਜਿਵੇਂ ਨਾਟਕ ਜਾਂ ਇਕਾਂਗੀ ਲਿਖਿਆ ਜਾਂਦਾ,ਉਸ ਤਰ੍ਹਾਂ ਲਿਖਿਆ ਗਿਆ। ਲੇਖਕ ਵੱਲੋਂ ਇਸ ਕਿਤਾਬ ਦੇ ਅੰਤ ਵਿੱਚ ਆਪਣੇ ਵਿਚਾਰ ਰੱਖੇ ਨੇ ਤੇ ਇੱਥੇ ਉਹਨਾਂ ਨੇ ਦੱਸਿਆ ਕਿ ਉਹਨਾਂ ਵੱਲੋਂ ਇਹ ਕੋਸ਼ਿਸ਼ ਇਸ ਲਈ ਕੀਤੀ ਗਈ ਹੈ ਕਿ ਪਾਠਕਾਂ ਨੂੰ ਇਹ ਗੱਲ ਸੌਖਿਆਂ ਸਮਝ ਆਵੇ ਕਿ ਕਿਹੜੀ ਗੱਲ ਕਿਸ ਪਾਤਰ ਨੇ ਕਹੀ ਹੈ। ਇਸ ਵਿੱਚੋਂ ਕਿੰਨੇ ਕਾਮਯਾਬ ਰਹਿੰਦੇ ਨੇ ਇਹ ਤਾਂ ਪਾਠਕ ਹੀ ਦੱਸਣਗੇ।




ਕਹਾਣੀ ਨੂੰ ਬਹੁਤ ਸੋਹਣੇ ਤਰੀਕੇ ਨਾਲ ਨਿਭਾਇਆ ਗਿਆ ਪਾਤਰ ਚਿਤਰਣ ਨੂੰ ਬਹੁਤ ਕਮਾਲ ਦਾ ਹੈ। ਕਿਤਾਬ ਨੂੰ ਇੱਕ ਵਾਰ ਜੇ ਪੜ੍ਹਾ ਸ਼ੁਰੂ ਕਰਦੇ ਆਂ ਤਾਂ ਕਹਾਣੀ ਨੂੰ ਛੱਡਣ ਨੂੰ ਦਿਲ ਨਹੀਂ ਕਰਦਾ, ਜੇ ਅਸੀਂ ਇੱਕ ਵਾਰ ਕਿਤਾਬ ਰੱਖ ਵੀ ਦਿੰਦੇ ਆ ਤਾਂ ਦੁਬਾਰਾ ਉਸਨੂੰ ਜਰੂਰ ਚੱਕਾਂਗੇ। ਸੋ ਇਹ ਇੱਕ ਲੇਖਕ ਦੀ ਕਾਮਯਾਬੀ ਹੁੰਦੀ, ਇਹ ਲਿਖਤ ਇਸ 'ਚ ਪੂਰੀ ਤਰਾਂ ਕਾਮਯਾਬ ਹੈ ਕਿ ਇੱਕ ਵਾਰ ਕਿਤਾਬ ਪੜਨ ਤੇ ਛੱਡੀ ਨਹੀਂ ਜਾ ਸਕਦੀ। ਵੇਸਵਾਵਾਂ ਤੇ ਕਾਫੀ ਕਿਤਾਬਾਂ ਆ ਚੁੱਕੀਆਂ ਨੇ ਪਰ ਇਸ ਵਿੱਚ ਜੋ ਮੈਨੂੰ ਸਭ ਤੋਂ ਜਿਆਦਾ ਚੰਗਾ ਲੱਗਾ ਉਹ ਹੈ,ਸਮਲਿੰਗੀ ਆਕਰਸ਼ਣ ਤੇ ਬਹੁਤ ਗੰਭੀਰਤਾ ਨਾਲ ਲਿਖਿਆ ਗਿਆ। ਨਿਮਰਾਂ ਪਾਤਰ ਦੇ ਜ਼ਰੀਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਬੇਸ਼ੱਕ ਅਸੀਂ ਸਮਲਿੰਗੀ ਨੂੰ ਮਜ਼ਾਕ ਦਾ ਪਾਤਰ ਬਣਾ ਦਿੰਨੇ ਆ ਤਾ ਇਹ ਸਾਡੀ ਜਿਹੜੀ ਮਾਨਸਿਕਤਾ ਸਹੀ ਨਹੀਂ ਹੈ। ਉਹਨਾਂ ਦੀ ਮਨੋਸਥਿਤੀ ਦਾ ਵਰਣਨ ਕੀਤਾ ਗਿਆ ਉਹ ਕਿਵੇਂ ਕਿਸੇ ਨੂੰ ਪਾਗਲਪਨ ਦੀ ਹੱਦ ਤੱਕ ਚਾਹ ਸਕਦੇ ਨੇ ਇਸ ਦਾ ਵਰਨਣ ਕੀਤਾ ਗਿਆ। ਕਿਵੇਂ ਨਿਮਰਾ ਕਈ ਕਤਲ ਕਰ ਦਿੰਦੀ ਹੈ ਸਿਰਫ ਇਸ ਲਈ ਕਿ ਉਹ ਕਿਸੇ ਨੂੰ ਬਹੁਤ ਪਿਆਰ ਕਰਦੀ ਹ ਤੇ ਉਸ ਦੇ ਨੇੜੇ ਕਿਸੇ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਇਹ ਸੱਚਾਈ ਵੀ ਹੈ ਕਿਉਂਕਿ ਹੋਰ ਵੀ ਬਹੁਤ ਸਾਰੀਆਂ ਸੱਚੀਆਂ ਘਟਨਾਵਾਂ ਦਾ ਵਰਨਣ ਮਿਲਦਾ ਕਿ ਇਹ ਲੋਕ ਇਸ ਹੱਦ ਤੱਕ ਕਿਸੇ ਨੂੰ ਚਾਹੁੰਦੇ ਨੇ ਕਿ ਉਸ ਦੇ ਨੇੜੇ ਢੁੱਕਣ ਵਾਲਿਆਂ ਦਾ ਕਤਲ ਤੱਕ ਕਰ ਸਕਦੇ ਨੇ। ਇਹ ਵੀ ਹੁਣ ਸਾਡੇ ਸਮਾਜ ਦਾ ਇੱਕ ਹਿੱਸਾ ਨੇ ਪਰ ਜ਼ੁਲਮ ਜ਼ੁਲਮ ਹੀ ਹੁੰਦਾ ਬੇਸ਼ਕ ਉਹ ਕਿਸੇ ਵੱਲੋਂ ਵੀ ਕੀਤਾ ਗਿਆ ਹੋਵੇ। ਮੈਨੂੰ ਉਹਨਾਂ ਦੀਆਂ ਇਹ ਸਤਰਾਂ ਬਹੁਤ ਸੋਹਣੀਆਂ ਲੱਗੀਆਂ

*ਸਮਾਜ ਤੇ ਹਰ ਵਰਗ ਹਰ ਇਨਸਾਨ ਦਾ ਸਨਮਾਨ ਕਰਨਾ ਸਾਡੀ ਜਿੰਮੇਵਾਰੀ ਹੈ ਤੇ ਫਰਜ਼ ਵੀ, ਕਈ ਦੇਸ਼ ਸਮਲਿੰਗਤਾਂ ਨੂੰ ਕਾਨੂੰਨੀ ਮਾਨਤਾ ਦੇ ਚੁੱਕੇ ਹਨ ਕਿਉਂਕਿ ਚਾਹਤ ਕਿਸੇ ਵੀ ਬੰਧਨ ਤੋਂ ਮੁਕਤ ਹੁੰਦੀ ਹੈ। ਹਾਂ,ਇਹ ਜਰੂਰ ਹੈ ਕਿ ਕਿਸੇ ਵੀ ਹਾਰ ਚ ਕਿਸੇ ਦਾ ਨੁਕਸਾਨ ਹੋਣਾ ਜਾਂ ਕਰਨਾ ਤੁਹਾਡੀ ਚਾਹਤ ਨੂੰ ਸਾਰਥਕ ਸਿੱਧ ਨਹੀਂ ਕਰ ਸਕਦਾ। ਜ਼ੁਲਮ ,ਜ਼ੁਲਮ ਹੀ ਹੁੰਦਾ,ਉਹ ਚਾਹੇ ਭਾਵਨਾਵਾਂ 'ਚ ਬਹਿ ਕੇ ਹੀ ਕਿਉਂ ਨਾ ਕੀਤਾ ਗਿਆ ਹੋਵੇ।

ਬਹੁਤ ਸੋਹਣੀ ਸ਼ਾਇਰੀ ਨਾਲ ਕਿਤਾਬ ਦੀ ਰੋਚਕ ਤਾਂ ਹੋਰ ਵੱਧ ਜਾਂਦੀ ਹੈਂ।

*ਕਹਿਤੇ ਹੈਂ ਨਾ ਕਿ ਇਸ਼ਕ ਮੇਂ ਸਭ ਜਾਇਜ਼ ਹੋਤਾ ਹੈ

ਇਸ਼ਕ ਕੇ ਲੀਏ, ਇਸ਼ਕ ਕੇ, ਇਸ਼ਕ ਕਾ ਕਤਲ,
ਕਿਆ ਨਜਾਇਜ਼ ਹੋਤਾ ਹੈਂ?*

ਇਸ ਵਿੱਚ ਜੋ ਪਾਤਰਾਂ ਦੀ ਸ਼ਬਦਾਵਲੀ ਹਿੰਦੀ ਅਤੇ ਉਰਦੂ ਵਰਤੀ ਗਈ ਹੈ। ਲੇਖਕ ਦੀ ਆਪਣੀ ਸ਼ਬਦਾਵਲੀ ਪੰਜਾਬੀ ਹੈਂ ਇਸ ਨੂੰ ਅਸੀਂ ਹਿੰਦੀ, ਪੰਜਾਬੀ ਅਤੇ ਉਰਦੂ ਤਿੰਨ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਮਿਸ਼ਰਨ ਕਹਿ ਸਕਦੇ ਹਾਂ।

ਜਲੀਲਪੁਰ ਵਿੱਚ ਲੇਖਕ ਨੇ ਸਮਲਿੰਗਤਾ ਅਤੇ ਵੇਸਵਾਗਿਰੀ ਦੋ ਵਿਸ਼ਿਆਂ ਨੂੰ ਲੈ ਕੇ ਇਹ ਨਾਵਲ ਲਿਖਿਆਂ, ਜੋ ਉਹ ਸਮਝਾਉਣਾ ਚਾਹੁੰਦਾ, ਉਸ 'ਚ ਪੂਰੀ ਤਰ੍ਹਾਂ ਕਾਮਯਾਬ ਰਿਹਾ।

ਸਾਨੂੰ ਕਿਸੇ ਦਾ ਵੀ,ਕਿਸੇ ਵੀ ਕਾਰਨ ਕਰਕੇ ਅਪਮਾਨ ਨਹੀਂ ਕਰਨਾ ਚਾਹੀਦਾ। ਸਭ ਨੂੰ ਸਨਮਾਨ ਦੇਣਾ ਇੱਕ ਤੰਦਰੁਸਤ ਸਮਾਜ ਦੀ ਨਿਸ਼ਾਨੀ ਹੁੰਦਾ। ਹਰ ਇੱਕ ਦੀਆਂ ਭਾਵਨਾਵਾਂ ਦਾ ਆਦਰ ਕਰਨਾ ਚਾਹੀਦਾ ਹੈ। ਵੇਸਵਾਵਾਂ ਤੇ ਸਮਲਿੰਗੀਆਂ ਨੂੰ ਸਮਾਜ ਦੀ ਮੁੱਖ ਧਾਰਾ ਤੋਂ ਬਾਹਰ ਸਮਝ ਕੇ ਉਹਨਾਂ ਨਾਲ਼ ਬੁਰਾ ਵਿਵਹਾਰ ਕਰਨਾ ਵੀ ਇੱਕ ਤਰ੍ਹਾਂ ਦਾ ਜ਼ੁਲਮ ਹੀ ਹੈ। ਕੋਈ ਵੀ ਆਪਣੀ ਖੁਸ਼ੀ ਨਾਲ ਇਸ ਤਰ੍ਹਾਂ ਦਾ ਕੋਈ ਕੰਮ ਨਹੀਂ ਕਰਦਾ ਹੁੰਦਾ ਜਿਸ ਨਾਲ ਉਸਨੂੰ 'ਘਟੀਆ' ਦਾ ਰੁਤਬਾ ਮਿਲੇ।

ਵੇਸਵਾਵਾਂ ਤੇ ਸਮਲਿੰਗੀ ਦੀਆਂ ਭਾਵਨਾਵਾਂ, ਉਹਨਾਂ ਦੀ ਮਾਨਸਿਕ ਸਥਿਤੀ, ਉਹਨਾਂ ਦੀਆਂ ਮਾਨਸਿਕ, ਸਮਾਜਿਕ ਅਤੇ ਰਾਜਨੀਤਿਕ ਪ੍ਰੇਸ਼ਾਨੀਆਂ, ਸਾਡੇ ਸਮਾਜ ਦੀ ਉਹਨਾਂ ਲਈ ਸੋਚ, ਵਿਵਹਾਰ ਅਤੇ ਉਹਨਾਂ ਤੇ ਪ੍ਰਭਾਵ ਨੂੰ ਬਖੂਬੀ ਦਰਸਾਇਆ ਗਿਆ। ਮੈਂ ਲੇਖਕ ਨੂੰ ਇਸ ਕਿਰਤ ਦੀ ਬਹੁਤ ਬਹੁਤ ਵਧਾਈ ਦਿੰਦੀ ਹੈ ਤੇ ਸਰਾਹਣਾ ਕਰਦੀ ਹਾਂ ਕਿ ਉਹਨਾਂ ਨੇ ਬਹੁਤ ਸੋਹਣੇ ਵਿਸ਼ਿਆਂ ਨੂੰ ਲੈ ਕੇ ਬਹੁਤ ਸੋਹਣੇ ਕਿਤਾਬ ਲਿਖੀ ਹੈਂ।

ਅੰਤਿਮ ਪੰਨਾ

ਦੀਵਾਨਾ ਕਰ ਦੇਤੀ ਹੈ ਇਸ਼ਕ ਕੀ ਦੀਵਾਨਗੀ
ਪਰਵਾਨਾ ਕਰ ਦਿੱਤੀ ਹੈ ਇਸ਼ਕ ਕੀ ਪ੍ਰਵਾਨਗੀ
ਨਾਮੋਸ਼ ਔਰ ਖਾਮੋਸ਼ ਰਹਕਰ ਐ ਮਹਿਬੂਬ
ਵੀਰਾਨ ਕਰ ਦਿੱਤੀ ਹੈ ਇਸ਼ਕ ਕੀ ਰਵਾਨਗੀ।

ਮੈਂ ਪਾਠਕਾਂ ਨੂੰ ਇਹ ਕਿਤਾਬ ਪੜ੍ਹਨ ਦੀ ਗੁਜਾਰਿਸ਼ ਕਰਦੀ ਹਾਂ।

**ਦਿਲਪ੍ਰੀਤ ਗੁਰੀ**

# "ਡਾ. ਧਰਮਵੀਰ ਗਾਂਧੀ ਵੱਲੋਂ ਬੀਬੀਐਮਬੀ ਦੇ ਫ਼ੈਸਲੇ ਦੀ ਪੁਰਜੋਰ ਨਿੰਦਾ: ਪੰਜਾਬ ਦੇ ਦਰਿਆਈ ਹੱਕਾਂ ਦੀ ਬਹਾਲੀ ਦੀ ਮੰਗ"

**ਪਟਿਆਲਾ (ਰਮੇਸ਼ਵਰ ਸਿੰਘ)** ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਵੱਲੋਂ ਹਰਿਆਣਾ ਨੂੰ ਵਾਧੂ 8,500 ਕਿਊਸੈਕ ਪਾਣੀ ਛੱਡਣ ਦੇ ਹਾਲੀਆ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਭਿਆਨਕ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ, ਅਤੇ ਇਹ ਫ਼ੈਸਲਾ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹਿਤਾਂ ਵਿਰੁੱਧ ਲਿਆ ਗਿਆ ਹੈ।



ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਨੂੰ ਉਸ ਦੇ ਕਾਨੂੰਨੀ ਦਰਿਆਈ ਪਾਣੀ ਦੇ ਹੱਕ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਵਰਤਮਾਨ ਵਿੱਚ, ਜਦੋਂ ਭਾਖੜਾ, ਪੌਂਗ, ਅਤੇ ਰਣਜੀਤ ਸਾਗਰ ਡੈਮਾਂ ਵਿੱਚ ਪਾਣੀ ਦਾ ਪੱਧਰ ਗੰਭੀਰ ਰੂਪ ਵਿੱਚ ਘਟ ਚੁੱਕਾ ਹੈ, ਬੀਬੀਐਮਬੀ ਨੇ ਭਾਜਪਾ-ਸ਼ਾਸਤ ਰਾਜਾਂ ਦੇ ਦਬਾਅ ਅਤੇ ਕੇਂਦਰ ਸਰਕਾਰ ਦੀ ਮਨਮਰਜ਼ੀ ਅਧੀਨ ਪੰਜਾਬ ਦੇ ਹਿੱਸੇ ਦਾ ਪਾਣੀ ਹਰਿਆਣਾ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਹਰਿਆਣਾ ਪਹਿਲਾਂ ਹੀ ਆਪਣੇ ਨਿਰਧਾਰਤ ਕੋਟੇ ਤੋਂ 104% ਪਾਣੀ ਵਰਤ ਚੁੱਕਾ ਹੈ, ਜਦਕਿ ਪੰਜਾਬ—ਜੋ ਕਿ ਦਰਿਆਈ ਰਾਜ ਹੈ—ਆਪਣੀ ਖੇਤੀਬਾੜੀ ਅਤੇ ਸਿੰਚਾਈ ਲਈ ਜ਼ਰੂਰੀ ਪਾਣੀ ਹਾਸਲ ਕਰਨ ਵਿੱਚ ਸੰਘਰਸ਼ ਕਰ ਰਿਹਾ ਹੈ।

ਡਾ. ਗਾਂਧੀ ਨੇ ਸਪੱਸ਼ਟ ਕੀਤਾ ਕਿ ਇਹ ਕੋਈ ਇਕੱਲੀ ਘਟਨਾ ਨਹੀਂ, ਸਗੋਂ ਪੰਜਾਬ ਦੇ ਪਾਣੀ ਦੀ ਲੁੱਟ ਦੀਆਂ ਲਗਾਤਾਰ, ਗੈਰ-ਸੰਵਿਧਾਨਕ, ਅਤੇ ਗੈਰ-ਕਾਨੂੰਨੀ ਕੋਸ਼ਿਸ਼ਾਂ ਦਾ ਹਿੱਸਾ ਹੈ। ਕੇਂਦਰ ਸਰਕਾਰ ਨੇ ਬੀਬੀਐਮਬੀ ਅਤੇ ਹੋਰ ਪਾਣੀ ਪ੍ਰਬੰਧਨ ਸੰਸਥਾਵਾਂ ਵਿੱਚ ਪੰਜਾਬ ਦੀ ਭੂਮਿਕਾ ਨੂੰ ਲਗਭਗ ਖਤਮ ਕਰ ਦਿੱਤਾ ਹੈ, ਜਿਸ ਨਾਲ ਪੰਜਾਬ ਦੀ ਹਿੱਸੇਦਾਰੀ ਨਾਮਾਤਰ ਰਹਿ ਗਈ ਹੈ। ਇਹ ਨਾ ਸਿਰਫ਼ ਸੰਘੀ ਢਾਂਚੇ ਦੀ ਉਲੰਘਣਾ ਹੈ, ਸਗੋਂ ਅੰਤਰਰਾਸ਼ਟਰੀ ਮਾਨਤਾ ਪ੍ਰਾਪਤ ਦਰਿਆਈ ਅਧਿਕਾਰਾਂ ਦਾ ਵੀ ਉਲੰਘਣ ਹੈ, ਜਿਨ੍ਹਾਂ ਅਨੁਸਾਰ ਦਰਿਆ ਦਾ ਪਾਣੀ ਉਸ ਰਾਜ ਦਾ ਅਧਿਕਾਰ ਹੈ, ਜਿਸ ਵਿੱਚੋਂ ਦਰਿਆ ਵਹਿੰਦਾ ਹੈ—ਇਸ ਮਾਮਲੇ ਵਿੱਚ ਪੰਜਾਬ।

ਕੇਂਦਰੀ ਭੂਗਰਭੀ ਪਾਣੀ ਕਮਿਸ਼ਨ ਦੀਆਂ ਤਾਜ਼ਾ ਰਿਪੋਰਟਾਂ ਅਨੁਸਾਰ, ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਭੂਗਰਭੀ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੋਂ ਹੇਠਾਂ ਚਲਾ ਗਿਆ ਹੈ। ਦਰਿਆਈ ਪਾਣੀ ਦੀ ਕਮੀ ਕਾਰਨ ਪੰਜਾਬ ਦੀ ਖੇਤੀਬਾੜੀ ਮੰਗ ਨੂੰ ਪੂਰਾ ਕਰਨ ਲਈ ਭੂਗਰਭੀ ਪਾਣੀ ਦੀ ਅਤਿ ਵਰਤੋਂ ਹੋ ਰਹੀ ਹੈ। ਜੇ ਇਹ ਸਥਿਤੀ ਜਾਰੀ ਰਹੀ, ਤਾਂ ਅਨੁਮਾਨ ਹੈ ਕਿ ਪੰਜਾਬ 2038 ਤੱਕ ਰੇਤਲੇ ਇਲਾਕੇ ਵਿੱਚ ਤਬਦੀਲ ਹੋ ਸਕਦਾ ਹੈ।

ਵਰਤਮਾਨ ਵਿੱਚ, ਪੰਜਾਬ ਨੂੰ ਆਪਣੇ ਦਰਿਆਈ ਪਾਣੀ ਦਾ ਸਿਰਫ਼ 26% ਵਰਤਣ ਦੀ ਇਜਾਜ਼ਤ ਹੈ, ਜਦਕਿ 74% ਪਾਣੀ ਗੈਰ-ਕਾਨੂੰਨੀ ਤਰੀਕੇ ਨਾਲ ਹਰਿਆਣਾ, ਰਾਜਸਥਾਨ, ਅਤੇ ਦਿੱਲੀ ਵਰਗੇ ਰਾਜਾਂ ਨੂੰ ਦਿੱਤਾ ਜਾ ਰਿਹਾ ਹੈ। ਇਹ ਸਥਿਤੀ ਅਸਵੀਕਾਰਯੋਗ ਹੈ ਅਤੇ ਇਸ ਨੂੰ ਤੁਰੰਤ ਰੋਕਣ ਦੀ ਲੋੜ ਹੈ। ਡਾ. ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ 2002 ਵਿੱਚ ਕਾਂਗਰਸ ਸਰਕਾਰ ਨੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ 'ਪੰਜਾਬ ਏਗਰੀਮੈਂਟ ਟਰਮੀਨੇਸ਼ਨ ਐਕਟ' ਪਾਸ ਕੀਤਾ ਸੀ, ਜੋ ਪੰਜਾਬ ਦੇ ਹੱਕਾਂ ਦੀ ਰਾਖੀ ਅਤੇ ਅਨਿਆਂਪੂਰਨ ਪਾਣੀ ਸਾਂਝੇ ਸਮਝੌਤਿਆਂ ਨੂੰ ਖਤਮ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸੀ। ਇਹ ਕਾਨੂੰਨ ਅੱਜ ਵੀ ਪੰਜਾਬ ਦੀ ਨਿਆਂ ਦੀ ਲੜਾਈ ਦਾ ਪ੍ਰਤੀਕ ਹੈ ਅਤੇ ਇਸ ਨੂੰ ਪੂਰੀ ਰਾਜਨੀਤਿਕ ਇੱਛਾ-ਸ਼ਕਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਡਾ. ਗਾਂਧੀ ਨੇ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਦੀ ਜਨਤਾ ਦੇ ਨਾਲ ਇੱਕਜੁੱਟਤਾ ਨਾਲ ਖੜ੍ਹੀ ਹੈ ਅਤੇ ਸੰਸਦ ਦੇ ਅੰਦਰ ਤੇ ਬਾਹਰ ਹਰ ਮੰਚ 'ਤੇ ਪੰਜਾਬ ਦੇ ਪਾਣੀ ਦੇ ਹੱਕਾਂ ਦੀ ਬਹਾਲੀ ਲਈ ਅਵਾਜ਼ ਉਠਾਉਂਦੀ ਰਹੇਗੀ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਬੀਬੀਐਮਬੀ ਦਾ ਇਹ ਮਨਮਰਜ਼ੀਪੂਰਨ ਫ਼ੈਸਲਾ ਤੁਰੰਤ ਵਾਪਸ ਲਿਆ ਜਾਵੇ, ਪੰਜਾਬ ਦੀ ਪੂਰੀ ਭਾਗੀਦਾਰੀ ਪਾਣੀ ਪ੍ਰਬੰਧਨ ਸੰਸਥਾਵਾਂ ਵਿੱਚ ਬਹਾਲ ਕੀਤੀ ਜਾਵੇ, ਅਤੇ ਖੇਤਰ ਵਿੱਚ ਨਿਰਪੱਖ ਅਤੇ ਸੁਤੰਤਰ ਪਾਣੀ ਆਡਿਟ ਕਰਵਾਇਆ ਜਾਵੇ।ਪੰਜਾਬ ਨੇ ਦਹਾਕਿਆਂ ਤੱਕ ਆਪਣੇ ਪਾਣੀ ਅਤੇ ਵਾਤਾਵਰਣ ਦੀ ਕੀਮਤ 'ਤੇ ਭਾਰਤ ਨੂੰ ਅੰਨ ਪ੍ਰਦਾਨ ਕੀਤਾ ਹੈ। ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਨਾਲ ਨਿਆਂ ਕੀਤਾ ਜਾਵੇ। ਪੰਜਾਬ ਦਾ ਪਾਣੀ ਇਸ ਦੇ ਲੋਕਾਂ ਦਾ ਜਨਮ ਸਿੱਧ ਅਧਿਕਾਰ ਹੈ, ਅਤੇ ਕੋਈ ਵੀ ਰਾਜਨੀਤਿਕ ਤਾਕਤ ਜਾਂ ਗੈਰ-ਕਾਨੂੰਨੀ ਸਮਝੌਤਾ ਇਸ ਨੂੰ ਖੋਹ ਨਹੀਂ ਸਕਦਾ। ਕਾਂਗਰਸ ਪਾਰਟੀ ਇਸ ਇਤਿਹਾਸਕ ਅਨਿਆਂ ਨੂੰ ਖਤਮ ਕਰਨ ਲਈ ਪੂਰੀ ਤਾਕਤ ਨਾਲ ਲੜੇਗੀ।

for more news visit:
www.samajweekly.com

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com